ਉਂਜ ਲਗਦਾ ਹੈ ਕਿ ਬਾਲੇ ਵਾਲੀ ਜਨਮਸਾਖੀ ਵਿਚ 'ਮਾਂ ਜਨਮਸਾਖੀ' ਦਾ ਤੱਤ ਸਭ ਤੋਂ ਵੱਧ ਹੈ। ਬਾਵਜੂਦ ਇਸ ਦੇ ਕਿ ਜੰਡਿਆਲੇ ਦੇ ਨਿਰੰਜਨੀ ਡੇਰੇ ਵਲੋਂ ਇਸ ਵਿਚ ਵਾਧੂ ਮਿਲਾਵਟ ਕੀਤੀ ਸੀ।

ਜਨਮ ਸਾਖੀ ਤੋਂ ਇਹ ਅੰਦਾਜ਼ਾ ਲਗਦਾ ਹੈ ਕਿ ਗੁਰੂ ਸਾਹਿਬ ਦੇ ਕਿਸੇ ਸਾਥੀ ਨੇ ਕਿਸੇ ਤੀਸਰੇ ਬੰਦੇ (ਬਾਲੇ ਆਦਿ) ਨੂੰ ਗੁਰੂ ਸਾਹਿਬ ਦੀਆਂ ਉਦਾਸੀਆਂ ਦੀਆਂ ਗੱਲਾਂ ਵਾਪਸੀ ਤੇ ਦੱਸੀਆਂ ਹੋਣ ਜਿਸ ਨੇ ਫਿਰ ਮਾਂ ਜਨਮਸਾਖੀ ਲਿਖਵਾਈ। ਵੱਡੀ ਸੰਭਾਵਨਾ ਹੈ ਕਿ ਬਾਲਾ ਤਲਵੰਡੀ ਜਾਂ ਸੁਲਤਾਨਪੁਰ ਦਾ ਕੋਈ ਵਸਨੀਕ ਹੋਵੇ।

ਕਿਉਕਿ ਤੀਸਰਾ ਬੰਦਾ (ਬਾਲਾ ਆਦਿ) ਅਨਪੜ੍ਹ ਤੇ ਟੋਪੋਗ੍ਰਾਫੀ ਤੋਂ ਅਣਜਾਣ ਹੋਣ ਕਰਕੇ ਸਥਾਨਾਂ ਅਤੇ ਪਾਤਰਾਂ ਦੇ ਸਹੀ ਨਾਂ ਦੇਣ ਤੋਂ ਅਸਮਰਥ ਰਿਹਾ ਹੈ। ਉਹਨਾਂ ਨਾਂਵਾਂ ਥਾਵਾਂ ਨੂੰ ਲੱਭਣਾ ਹੀ ਤਾਂ ਇਤਹਾਸਕਾਰ ਦਾ ਕੰਮ ਹੁੰਦਾ ਹੈ। ਨਾਸਤਕ ਲਿਖਾਰੀ ਜੋ ਮਰਜੀ ਲਿਖੀ ਜਾਣ, ਜਨਮਸਾਖੀਆਂ ਸਿੱਖ ਇਤਹਾਸ ਦੇ ਮਹਿਲ ਦੀ ਅਜਿਹੀ ਮਜਬੂਤ ਨੀਂਹ ਰੱਖ ਗਈਆਂ ਹਨ ਜਿਸ ਨੂੰ ਕੋਈ ਝੱਖੜ ਭੁਚਾਲ ਨਹੀ ਹਿਲਾ ਸਕਦਾ। ਜਨਮਸਾਖੀ ਲਿਖਾਰੀਆਂ ਨੂੰ ਸਾਡਾ ਕੋਟਿ ਕੋਟਿ ਪ੍ਰਨਾਮ।

ਖਡੂਰ ਸਾਹਿਬ ਵਿਖੇ ਬਾਲੇ ਦੀ ਮੜੀ ਹੋਣਾ ਇਹੋ ਇਸ਼ਾਰਾ ਕਰਦਾ ਹੈ ਕਿ ਜਨਮਸਾਖੀ ਦਾ ਵੱਡਾ ਕਾਰਜ ਗੁਰੂ ਅੰਗਦ ਦੇਵ ਜੀ ਨੇ ਸ਼ਾਇਦ ਆਪ ਹੀ ਸ਼ੁਰੂ ਕਰਵਾਇਆ ਹੋਵੇ।

ਸਿੱਖੀ ਦੀ ਮੁੱਖ ਧਾਰਾ ਭਾਵ ਗੁਰੂ ਅੰਗਦ ਦੇਵ ਜੀ ਲਈ ਇਹ ਵੱਡੀ ਜਰੂਰਤ ਵੀ ਸੀ। ਕਿਉਕਿ ਲਗਦਾ ਹੈ ਸਾਹਿਬ ਦੀਆਂ ਉਦਾਸੀਆਂ/ ਯਾਤਰਾਵਾਂ ਦਾ ਕੋਈ ਰਿਕਾਰਡ ਵੀ ਹੈਗਾ ਸੀ ਜੋ ਬਾਬਾ ਸ੍ਰੀ ਚੰਦ ਦੇ ਹੱਥ ਲੱਗ ਗਇਆ। ਜਿਸ ਕਰਕੇ ਉਦਾਸੀ ਸਾਧੂ ਦੂਰ ਦੁਰਾਡੇ ਦੇਸਾਂ ਵਿਚ ਪਹੁੰਚ ਗਏ। ਇਕ ਹੋਰ ਗਲ ਵੀ ਨੋਟ ਕਰਨ ਵਾਲੀ ਹੈ ਕਿ ਕਈ ਥਾਂਈ ਜਿਥੇ ਰਾਜੇ ਮਹਾਰਾਜੇ ਗੁਰੂ ਸਾਹਿਬ ਦੇ ਸੇਵਕ ਬਣੇ ਸਨ ਉਥੇ ਬਾਬਾ ਸ੍ਰੀ ਚੰਦ ਆਪ ਗਏ। ਇਸ ਤੋਂ ਇਹੋ ਸਾਬਤ ਹੁੰਦਾ ਹੈ ਕਿ ਉਸ ਰਿਕਾਰਡ ਦੀ ਭਿੱਣਕ ਉਦਾਸੀ ਸੰਪਰਦਾ ਨੇ ਸਿੱਖੀ ਦੀ ਮੁੱਖ ਧਾਰਾ ਨੂੰ ਲਗਣ ਨਾਂ ਦਿੱਤੀ।

ਯਾਦ ਰਹੇ ਗੁਰੂ ਸਾਹਿਬ ਦੇ ਚਲਾਣੇ ਤੋਂ ਤੁਰੰਤ ਬਾਦ ਪੰਥ ਦੋ ਸਾਖਾਵਾਂ ਵਿਚ ਵੰਡਿਆ ਗਿਆ ਸੀ, 1. ਗੁਰੂ ਅੰਗਦ ਵਾਲੀ ਮੁੱਖ ਧਾਰਾ ਤੇ 2. ਬਾਬਾ ਸ੍ਰੀ ਚੰਦ ਦੇ ਉਦਾਸੀ। ਇਹੋ ਜਿਹੀਆਂ ਵੰਡੀਆਂ ਕਿਸੇ ਵੀ ਮਜ੍ਹਬ ਵਾਸਤੇ ਕਦੀ ਸਹਾਈ ਵੀ ਹੁੰਦੀਆਂ ਹਨ ਕਿਉਕਿ ਮੁਕਾਬਲੇ ਦੀ ਭਾਵਨਾ ਵਿਚ ਪ੍ਰਚਾਰ ਜਿਆਦਾ ਹੁੰਦਾ ਹੈ। ਪਰ ਬਦਕਿਸਮਤੀ ਨਾਲ ਉਦਾਸੀ ਧਾਰਾ ਨੇ ਹਿੰਦੂਮਤ ਦੇ ਮੁਢਲੇ ਅਸੂਲਾਂ ਜਿਵੇ ਵਰਨਆਸ਼ਰਮ ਅਤੇ ਕਰਮਕਾਂਡਾਂ ਨੂੰ ਬਿਲਕੁਲ ਛੇੜਿਆ ਹੀ ਨਾਂ। ਇਹ ਉਹ ਲੋਕ ਸਨ ਜਿਹੜੇ ਮੱਥਾ ਗੁਰੂ ਗ੍ਰੰਥ ਸਾਹਿਬ ਨੂੰ ਟੇਕਦੇ ਪਰ ਮੰਨਦੇ ਸਨਾਤਨੀ ਪੁਰਾਣਾਂ ਸ਼ਾਸਤਰਾਂ ਨੂੰ।

ਗੁਰੂ ਸਾਹਿਬ ਦੀ ਬੇਦੀ ਸੰਤਾਨ ਜੋ ਉਦਾਸੀ ਸੰਪਰਦਾ ਦੇ ਜਿਆਦਾ ਨੇੜੇ ਰਹੀ ਹੈ ਉਹਨਾਂ ਨੂੰ ਵੀ ਅੱਜ ਆ ਕੇ ਕਿਤੇ ਅਹਿਸਾਸ ਹੋਇਆ ਹੈ ਜਦੋਂ ਉਦਾਸੀ ਸੰਪਰਦਾ ਨੇ ਐਲਾਨ ਕੀਤਾ ਹੈ ਕਿ ਉਦਾਸੀ ਸੰਪਰਦਾ ਬਾਬਾ ਸ੍ਰੀ ਚੰਦ ਤੋਂ ਪਹਿਲਾਂ ਵੀ ਹੈਗੀ ਸੀ।

ਖੈਰ 20ਵੀ ਸਦੀ ਵਿਚ ਅਕਾਲੀ ਲਹਿਰ ਨੇ ਉਦਾਸੀ ਲਹਿਰ ਦਾ ਲੱਕ ਤੋੜ ਕੇ ਰੱਖ ਦਿਤਾ ਸੀ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਦਾਸੀਆਂ ਨੇ ਜਿਹੜੇ ਦੂਰ ਦੇਸਾਂ ਵਿਚ ਘੋਰਨੇ ਬਣਾਏ ਹੋਏ ਸਨ ਉਹ ਮਲਕੜੇ ਹੀ ਵਾਪਸ ਸਨਾਤਨੀ ਮੁਖ ਧਾਰਾ ਵਿਚ ਸਮਾ ਗਏ ਹਨ।

ਹੁਣੇ ਹੁਣੇ (2018 ਵਿਚ) ਨਰਾਇਣ ਦਾਸ ਨਾਂ ਦੇ ਇਕ ਉਦਾਸੀ ਨੇ ਸ਼ੇ੍ਆਮ ਹੀ ਗੁਰਮਤ ਦਾ ਮਖੌਲ ਉਡਾਇਆ ਪਰ ਕਿਸੇ ਵੀ ਉਦਾਸੀ ਨੇ ਉਹਦੇ ਖਿਲਾਫ ਇਕ ਲਫਜ਼ ਨਾਂ ਬੋਲਿਆ। ਵਕਤ ਨੇ ਸਾਬਤ ਕਰ ਦਿੱਤਾ ਹੈ ਕਿ ਉਦਾਸੀ ਧਾਰਾ ਸਿੱਖੀ ਪ੍ਰਤੀ ਸੁਹਿਰਦ ਨਹੀ ਸੀ। ਬਾਬਾ ਸ੍ਰੀ ਚੰਦ ਤੇ ਬਜਾਰ ਵਿਚ ਮਿਲਦੀਆਂ ਜਨਮਸਾਖੀਆਂ ਅੱਜ ਸ਼ੇ੍ਆਮ ਇਹੋ ਪ੍ਰਭਾਵ ਦੇ ਰਹੀਆਂ ਹਨ ਕਿ ਬਾਬਾ ਸ੍ਰੀ ਚੰਦ ਦਾ ਜੀਵਨ ਮਨੋਰਥ 'ਸੰਕਟ ਗ੍ਰਸਤ' ਹਿੰਦੂ ਧਰਮ ਦੀ ਤਰੱਕੀ ਸੀ। (ਵੇਖੋ ਜਨਮਸਾਖੀ ਬਾਬਾ ਸ੍ਰੀ ਚੰਦ -ਗਿਆਨੀ ਪਰਤਾਪ ਸਿੰਘ ਸਫਾ 8 ਅਤੇ 77)

ਸੋ ਜੇ ਕਿਤੇ ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਰਿਕਾਰਡ ਪੰਥ ਕੋਲ ਹੁੰਦਾ ਤਾਂ ਸ਼ਾਇਦ ਗਲ ਹੋਰ ਹੋਣੀ ਸੀ।

ਜਨਮਸਾਖੀਆਂ ਤੋਂ ਬਾਦ ਸਰੋਤ ਦੇ ਤੌਰ ਤੇ ਜਿਸ ਨੇ ਸਾਨੂੰ ਪ੍ਰਭਾਵਤ ਕੀਤਾ ਹੈ ਉਹ ਹੈ ਗਿਆਨੀ ਗਿਆਨ ਸਿੰਘ। ਗਿਆਨੀ ਦੀ ਲਿਖਤ ਵਿਚ ਸਾਨੂੰ ਜਨਮਸਾਖੀਆਂ ਵਰਗੇ ਕੁਝ ਥਾਂਈ ਬੁਨਿਆਦੀ ਤੱਥ ਮਿਲੇ ਹਨ ਜੋ ਗੁਰਬਾਣੀ ਦੀ ਕਸੌਟੀ ਤੇ ਵੀ ਖਰੇ ਉਤਰਦੇ ਹਨ।

ਗਿਆਨੀ ਤੋਂ ਹੀ ਸਾਨੂੰ ਪ੍ਰੇਰਨਾ ਮਿਲੀ ਹੈ ਕਿ ਇਤਹਾਸ ਨੂੰ ਗੁਰਬਾਣੀ ਵਿਚੋਂ ਖੋਜਣ ਦੀ ਕੋਸ਼ਿਸ਼ ਵੀ ਹੋਣੀ ਚਾਹੀਦੀ ਹੈ। ਇਸ਼ਾਰੇ ਮੌਜੂਦ ਹਨ। ਫਿਰ ਅਸੀ ਵੀ ਨਿਮਾਣਾ ਜਿਹਾ ਉਪਰਾਲਾ ਆਪਣੀ ਤੁਸ਼ ਬੁੱਧ ਅਨੁਸਾਰ ਕੀਤਾ ਹੈ।

ਅਸੀ ਕੋਸ਼ਿਸ਼ ਕੀਤੀ ਹੈ ਕਿ ਜਿੱਥੇ ਜਿੱਥੇ ਗੁਰਬਾਣੀ ਦਾ ਜਿੱਕਰ ਹੈ ਪੂਰਾ ਦਾ ਪੂਰਾ ਸ਼ਬਦ ਕਿਤਾਬ ਵਿਚ ਦਿੱਤਾ ਜਾਏ। ਅਕਸਰ ਲਿਖਾਰੀ ਅੰਗ ਨੰ. ਦੇ ਕੇ ਕੰਮ ਚਲਾ ਦਿੰਦੇ ਹਨ ਅਤੇ ਬਹੁਤੇ ਪਾਠਕ ਸ਼ਬਦ ਨੂੰ ਪੜ੍ਹਨ ਤੋਂ ਘੌਲ ਕਰ ਦਿੰਦੇ ਹਨ। ਗੁਰਬਾਣੀ ਦਾ ਫੌਂਟ ਵੀ ਵੱਖਰਾ ਹੈ। ਉਮੀਦ ਕਰਦੇ ਹਾਂ ਕਿ ਗੁਰਬਾਣੀ ਦਾ ਅੱਖਰ ਨਾਪ ਛੋਟਾ ਹੋਣ ਤੇ ਪਾਠਕ ਬੁਰਾ ਨਹੀ ਮਨਾਏਗਾ।

ਕਿਉਕਿ ਅਕਾਲੀ ਲੀਡਰਾਂ ਨੇ ਦੇਸੀ ਕੈਲੰਡਰ ਬਾਬਤ ਭੰਬਲਭੂਸਾ ਖੜਾ ਕਰ ਦਿੱਤਾ ਹੈ ਜਿਸ ਕਾਰਨ ਕਿਤਾਬ ਵਿਚ ਅਸੀ ਦੇਸੀ ਕੈਲੰਡਰ ਨੂੰ ਅਧਾਰ ਨਹੀ ਬਣਾ ਸਕੇ। ਸਾਨੂੰ ਦੁੱਖ ਹੈ।

ਕਿਤਾਬ ਵਿਚ ਹਿੰਦਸੇ ਵੀ ਅਸੀ ਰੋਮਨ ਹੀ ਵਰਤੇ ਹਨ। ਜੀ ਤਾਂ ਚਾਹੁੰਦਾ ਸੀ, ਗੁਰਮੁੱਖੀ ਹਿੰਦਸਿਆਂ ਨੂੰ ਪਰ ਅੱਜ ਬਹੁਤ ਘੱਟ ਪਾਠਕ ਉਹ ਵਰਤਦੇ ਅਤੇ ਸਮਝਦੇ ਹਨ।

ਇਕ ਜਿੱਲਦ ਵਿਚ ਹੀ ਕਿਤਾਬ ਨੂੰ ਸਮੇਟਣ ਦੀ ਕੋਸ਼ਿਸ਼ ਕਰਕੇ ਇਹ ਸੰਙਣੀ ਜਰੂਰ ਹੈ ਪਰ ਅੱਖਰ ਨਾਪ ਛੋਟਾ ਨਹੀ ਹੋਣ ਦਿੱਤਾ।

ਅਹਿਸਾਸ ਹੈ ਮੇਰੀ ਹਉਮੇ ਕਰਕੇ ਕਿਤਾਬ ਵਿਚ ਸ਼ਬਦ ਜੋੜਾਂ ਅਤੇ ਵਿਆਕਰਣ ਦੀਆਂ ਗਲਤੀਆਂ ਰਹਿ ਗਈਆਂ ਹਨ। ਉਂਜ ਵੀ ਇਸ ਲਿਖਾਰੀ ਨੇ ਪੰਜਾਬੀ ਸਾਹਿਤ ਨਾ ਦੇ ਬਰਾਬਰ ਪੜਿਆ ਹੈ। 10 ਵੀਂ ਤੋਂ ਬਾਦ ਦੀ ਸਾਰੀ ਸਿਖਿਆ ਪੰਜਾਬੋਂ ਬਾਹਰ ਐਮ ਪੀ ਅਤੇ ਰਾਜਸਥਾਨ ਦੀ ਹੈ। 'ਬਿੰਦੀਆਂ' 'ਟਿੱਪੀਆਂ' ਅਤੇ 'ਅਧਿਕਾਂ' ਲਈ 'ਮਾਂ ਬੋਲੀ' ਦਾ ਗੁਨਾਹਗਾਰ ਮੁਆਫੀ ਮੰਗਦਾ ਹੈ।

ਪੰਜਾਬੀ ਵਿਚ (ਗੁਰੂ ਸਾਹਿਬ ਦੀ ਬਾਣੀ ਵਿਚ ਵੀ) ਕੋਈ 25-30% ਸ਼ਬਦ ਫਾਰਸੀ ਭਾਸ਼ਾ ਦੇ ਹਨ। ਗੱਲ ਹੈ ਵੀ ਕੁਦਰਤੀ ਕਿਉਕਿ ਪੰਜਾਬੀ ਦਾ ਗਵਾਂਢ ਇਕ ਪਾਸੇ ਹਿੰਦੁਸਤਾਨੀ ਹੈ ਤੇ ਦੂਸਰੇ ਪਾਸੇ ਫਾਰਸੀ। ਸੋ ਲਿਖਾਰੀ ਦੇ ਸੀਮਤ ਭਾਸ਼ਾ ਗਿਆਨ ਨੂੰ ਜਿੱਥੇ ਕੋਈ ਢੁੱਕਵਾਂ ਸ਼ਬਦ ਨਹੀ ਸੀ ਲੱਭਦਾ ਤਾਂ ਅਸੀ ਪੱਛਮੀ ਗਵਾਂਢ ਵੀ ਜਾਣੋ ਨਾਂ ਝਕੇ।

ਸਾਡੇ ਨੌਕਰੀ ਛੱਡਣ ਤੇ ਬੱਚਿਆਂ ਅਤੇ ਘਰਵਾਲੀ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾਂ ਪਿਆ, ਅਜਿਹਾ ਉਹ ਸੋਚਦੇ ਹਨ। ਫਿਰ ਵੀ ਕੁਲਵਿੰਦਰ ਕੌਰ ਨੇ ਆਪਣਾ ਫਰਜ ਨਿਭਾਉਣ ਵਿਚ ਕੋਈ ਕਸਰ ਨਹੀ ਛੱਡੀ। ਸਾਡੇ ਕਹਿਣ 'ਚ ਦੇਰ ਹੁੰਦੀ ਆ, ਕਾਫੀ ਦਾ ਕੱਪ ਸਾਡੇ ਮੇਜ ਤੇ ਪਹਿਲਾਂ ਹੁੰਦਾ ਹੈ। ਸੋ ਕੁਲਵਿੰਦਰ ਤੋਂ ਬਿਨਾਂ ਇਹ ਕੰਮ ਨਹੀ ਸੀ ਹੋ ਪਾਉਣਾ।

ਮੈਡਮ ਚਰਨਜੀਤ ਕੌਰ ਅਤੇ ਬੀਬੀ ਗੁਰਿੰਦਰ ਕੌਰ ਬ੍ਰਿਸਬੇਨ ਦਾ ਪਰੂਫ ਪੜ੍ਹਨ ਲਈ ਧੰਨਵਾਦ। ਵਾਹਿਗੁਰੂ ਚੜ੍ਹਦੀ ਕਲਾ ਬਖਸ਼ੇ।

ਵਿੱਚ ਵਿੱਚ ਤ੍ਰਲੋਚਨ ਸਿੰਘ ਦੁਸਾਂਝ ਵੀ ਪਰੂਫ ਪੜੇ, ਧੰਨਵਾਦ।

"ਬਿਨੁ ਦਮ ਕੇ ਸਉਦਾ ਨਹੀ ਹਾਟ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥"- ਅੱਜ ਕਿਤਾਬ ਛਾਪਣ ਮੌਕੇ ਅਸੀ ਫਿਰ ਉਹਨਾਂ ਹੀ ਪਿਆਰਿਆਂ ਤਕ ਪਹੁੰਚ ਕੀਤੀ, ਜਿਹੜੇ ਕਰਤਾਰਪੁਰ ਸਾਹਿਬ ਦੇ ਲਾਂਘੇ 'ਚ ਮਦਦਗਾਰ ਸਨ। ਸੱਜਣਾਂ ਨੇ ਫਿਰ ਭਰਪੂਰ ਸਹਿਯੋਗ ਦਿੱਤਾ ਹੈ। ਸੋ ਉਹਨਾਂ ਸਭ ਦਾ ਇਕ ਵਾਰ ਫਿਰ ਸ਼ੁਕਰਾਨਾ ਹੈ ( ਨਾਂ ਸਫਾ 516 ਤੇ ਆ ਗਏ ਹਨ।) ਇਹਨਾਂ ਤੋਂ ਇਲਾਵਾਂ ਧੰਨਵਾਦ ਹੈ ਹੋਰ ਸਾਕਾਂ ਸਬੰਧੀਆਂ ਮਿਤ੍ਰਾਂ ਦੋਸਤਾਂ ਦਾ ਜਿੰਨਾਂ ਨੇ ਕਿਤਾਬ ਛਾਪਣ ਲਈ ਮਾਇਕ ਮਦਦ ਦਿੱਤੀ ਹੈ, ਖਾਸ ਕਰਕੇ :-

1. ਜਸਵੰਤ ਸਿੰਘ ਰੂਸੀ। ਪਿੰਡ ਬੰਡਾਲਾ। ਹਾਲ ਅਮਰੀਕਾ।

2. ਬਿਕ੍ਰਮ ਸਿੰਘ ਢਿੱਲੋਂ ਸਪੁੱਤ੍ਰ ਸ. ਜੋਗਿੰਦਰ ਸਿੰਘ ਪਿੰਡ ਕੋਟ ਧਰਮ ਚੰਦ ਕਲਾਂ, ਤਰਨ ਤਾਰਨ।

3. ਗੁਰਿੰਦਰ ਸਿੰਘ ਅਤੇ ਗੁਰਜੀਤ ਕੌਰ ਦੁਸਾਂਝ ਬ੍ਰਿਸਬੇਨ ਅਸਟ੍ਰੇਲੀਆ।

4. ਭੈਣ ਜੀ ਬਲਰਾਜ ਕੌਰ ਤੇ ਧਰਮ ਸਿੰਘ ਦਾ ਕਾਹਲੋਂ ਪ੍ਰਵਾਰ, ਟੋਰੰਟੋ (ਕੈਨੇਡਾ)

5. ਸਾਡੇ ਨੌਕਰੀ ਦੌਰਾਨ ਦੇ ਸਾਥੀ ਟੀਕਨ ਲਾਲ ਸ਼ਰਮਾ ਜੀ।

ਕ੍ਰੋੜਾਂ ਵਾਰ ਸ਼ੁਕਰਾਨਾ ਹੈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਹੈ ਜਿਸ ਨੇ ਇਸ ਮੂਰਖ ਨੂੰ ਆਪਣੀ ਜੀਵਨੀ ਲਿਖਣ ਵਾਸਤੇ ਮੌਕਾ ਦਿੱਤਾ ਅਤੇ ਆਈ ਹਰ ਰੁਕਾਵਟ ਤੇ ਅਰਦਾਸ ਕਰਨ ਤੇ ਸੋਧ ਬਖਸ਼ੀ।

ਆਈਆਂ ਗਲਤੀਆਂ ਤਰੁਟੀਆਂ ਲਈ ਦੁਬਾਰਾ ਹੱਥ ਬੰਨ ਮਾਫੀ ਦੀ ਕਾਮਨਾ ਕਰਦਾ ਹਾਂ ਜੀ, ਸੰਗਤ ਬਖਸ਼ੇ, ਕਿਉਕਿ :

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥"

ਭਬੀਸ਼ਨ ਸਿੰਘ ਗੁਰਾਇਆ

BSc, MA, LLb-1, JD

● ਪ੍ਰਚਾਰ ਸੇਵਕ -ਕਰਤਾਰਪੁਰ ਸਾਹਿਬ ਲਾਂਘਾ ਲਹਿਰ (ਨਾਲੇ ਲਾਂਘਾ ਮੰਗ ਤੇ ਕੋਈ 30-35 ਪ੍ਰਕਾਸ਼ਨਾਵਾਂ) ● ਸਾਬਕਾ ਸੰਪਾਦਕ- ਪੰਜਾਬ ਮੋਨੀਟਰ ਰਸਾਲਾ, ● ਸਾਬਕਾ - ਸਹਾਇਕ ਡਾਇਰੈਕਟਰ, ਈ ਐਸ ਆਈ - ਕੇਂਦਰੀ ਸਰਕਾਰ (ਅਸਤੀਫਾ ਦਿੱਤਾ), ● ਹੋਰ ਲਿਖਤ- ਵੱਧ ਬੱਚੇ, ਬਚੇ ਪੰਜਾਬ, ● ਪੁਰਾਤਨਤਾ ਪ੍ਰੇਮੀ - ਭਾਰਤੀ ਅੰਗਰੇਜੀ ਅਖਬਾਰਾਂ ਵਿਚ ਆਰਕੇਓਲੋਜੀ ਤੇ ਲੇਖ

5 ਫਰਵਰੀ, 2020
ਸ੍ਰੀ ਅੰਮ੍ਰਿਤਸਰ

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

# ਜਿੰਦਗੀਨਾਮਾ ਗੁਰੂ ਨਾਨਕ
## (ਸਭ ਤੋਂ ਵੱਡੀ ਇਤਿਹਾਸੀ ਜਨਮਸਾਖੀ)

## ਸਾਲ 1 ਤੋਂ: ਜਨਮ, ਬਚਪਨ ਅਤੇ ਸਕੂਲ

### ਬਾਲਕ ਨਾਨਕ ਦਾ ਜਨਮ

ਪਾਕਿਸਤਾਨ ਵਿੱਚ ਲਹੌਰ ਸ਼ਹਿਰ ਦੇ ਪੱਛਮ ਵਲ ਲਗ ਪਗ 80 ਕਿਲੋਮੀਟਰ ਦੂਰ ਹੈ, ਸ਼ਹਿਰ ਨਨਕਾਣਾ ਸਾਹਿਬ। ਜਿਸ ਦਾ ਪੁਰਾਣਾ ਨਾਂ ਸੀ 'ਤਲਵੰਡੀ- ਰਾਇ ਭੋਇ' ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ, ਇਸੇ ਪਿੰਡ ਵਿੱਚ ਹੀ ਪਿਤਾ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦੀ ਪਵਿੱਤਰ ਕੁੱਖ ਤੋਂ ਇਕ ਬਾਲਕ ਨੇ ਸ਼ਨਿਛਰਵਾਰ ਵੈਸਾਖ ਸੁਦੀ 3, ਸੰਮਤ 1526 (ਮੁਤਾਬਿਕ 15 ਅਪ੍ਰੈਲ ਸੰਨ 1469) ⊙ ਨੂੰ ਜਨਮ ਲਿਆ। ਜਦੋਂ ਜਨਮ ਹੋਇਆ ਪਹਿਰ ਰਾਤ ਰਹਿੰਦੀ ਸੀ ਮਤਲਬ ਸਵੇਰੇ ਕੋਈ ਤਿੰਨ ਕੁ ਵਜੇ ਦਾ ਵਕਤ ਹੋਵੇਗਾ। ਰਾਤ ਚਾਨਣੀ ਸੀ।

ਬੱਚੇ ਦਾ ਨਾਂ ਰੱਖਿਆ ਗਇਆ: ਨਾਨਕ। ਕਿਸੇ ਨੂੰ ਕੀ ਪਤਾ ਸੀ ਕਿ ਇਹ ਬਾਲਕ ਕਲ੍ਹ ਨੂੰ ਭਾਰਤੀ ਉਪਮਹਾਂਦੀਪ ਦੇ ਜੀਵਨ ਨੂੰ ਵੱਡੇ ਪੱਧਰ ਤੇ ਪ੍ਰਭਾਵਤ ਕਰ ਦੇਵੇਗਾ। ਇਸ ਨਾਨਕ ਦੀ ਖੂਬੀ ਇਹ ਸੀ ਕਿ ਇਸ ਨੇ ਡੰਕੇ ਦੀ ਚੋਟ ਤੇ ਦੁਨੀਆ ਨੂੰ ਦੱਸਿਆ ਕਿ ਸਾਰੀ ਸ੍ਰਿਸਟੀ ਦਾ ਮੂਲ ਇਕ ਹੈ। ਇਸ ਸਿਧਾਂਤ ਨੇ ਫਿਰ ਭਾਰਤੀ ਸਮਾਜ ਨੂੰ ਵੀ ਵੱਡੇ ਪੱਧਰ ਤੇ ਪ੍ਰਭਾਵਤ ਕਰ ਦਿੱਤਾ ਜਦੋਂ ਲੋਕਾਈ ਨੂੰ ਗਿਆਨ ਹੋ ਗਇਆ ਕਿ ਬ੍ਰਾਹਮਣ ਅਤੇ ਸ਼ੂਦਰ ਦੋਵਾਂ ਦਾ ਬੀਅ ਇਕ ਹੀ ਹੈ। ਨਾਨਕ ਨੇ ਸਮਾਜ ਵਿਚ ਫੈਲੇ ਭਰਮ ਭੇਦਾਂ ਅਤੇ ਅਗਿਆਨਤਾ ਖਿਲਾਫ ਲਹਿਰ ਵਿੱਢ ਦਿਤੀ। ਉਸ ਕਿਹਾ ਕਿ ਮਨੁੱਖੀ ਜੀਵਨ ਨੂੰ ਉਤਾਂਹ ਚੁੱਕਣ ਲਈ ਕੁਦਰਤ ਦੇ ਵਰਤਾਰੇ ਦੀ ਸਮਝ ਹੋਣੀ ਜਰੂਰੀ ਹੈ। ਕਿ ਸ੍ਰਿਸਟੀ ਕਰਤੇ ਦੀ ਖੇਡ ਹੈ ਅਤੇ ਇਸ ਵਿਚ ਹਉਮੈ ਨਾਂ ਦੇ ਤੱਤ ਨੂੰ ਪਛਾਣ ਕੇ ਫਿਰ ਨਾਮ ਭਾਵ ਸ੍ਰਿਸਟੀ ਦੇ ਅਸਲ ਮਾਲਕ ਦੀ ਸਿਫਤ ਸਾਲਾਹ ਕਰਕੇ ਮਨੁੱਖ ਸੁੱਖੀ ਹੋ ਸਕਦਾ ਹੈ। ਸਿਧਾਂਤ ਵਿਚੋਂ ਸਨਿਆਸ ਦੇ ਸੰਕਲਪ ਦੀ ਖੁੱਦ ਬ ਖੁਦ ਖੰਡਣਾ ਹੋ ਗਈ। ਗਲ ਕਿਰਤ ਦੀ ਚੱਲੀ। ਦਇਆ ਦੀ ਚਲੀ। ਫਿਰ ਵੰਡ ਕੇ ਖਾਣ ਦੀ ਚਲੀ। ਗੁਰੂ ਨਾਨਕ ਨੇ ਸਾਰੀ ਉਮਰ ਦੂਰ ਦੂਰ ਤਕ ਫਿਰ ਤੁਰ ਕੇ ਇਸ ਸੱਚ ਦਾ ਹੋਕਾ ਦਿਤਾ।



ਬ੍ਰਹਿਮੰਡ ਦੇ ਰਹਿਬਰ ਦਾ ਘਰ ਤਾਂ ਬਹੁਤ ਪਹਿਲਾਂ ਹੀ ਸਮਾਰਕ ਬਣਾ ਦਿੱਤਾ ਗਇਆ ਸੀ। ਕਿਤੇ ਦੁਨੀਆ ਇਹ ਨਾਂ ਕਹੇ ਕਿ ਸਿੱਖ ਵੀ ਮੂਰਤੀ ਪੂਜਕ ਬਣ ਗਏ ਨੇ। ਇਥੇ ਸਿੱਖਾਂ ਨੇ ਗੁਰੂ ਸਾਹਿਬ ਦੀ ਕੋਈ ਵੀ ਨਿਸ਼ਾਨੀ ਨਾਂ ਸਾਂਭੀ। ਜਰੂਰਤ ਸੀ ਇਤਿਹਾਸ ਸਾਂਭਣ ਦੀ। ਉਹਨਾਂ ਵੇਲਿਆਂ ਦੀ ਸਿਰਫ ਖੂਹੀ ਹੀ ਬਚੀ ਹੈ। ਧਿਆਨ ਰਹੇ, ਇਤਹਾਸ ਤੇ ਫਿਲਾਸਫੀ ਦੋ ਵੱਖਰੇ ਪਹਿਲੂ ਹੁੰਦੇ ਨੇ। ਮੁਸਲਮਾਨਾਂ ਨੇ ਮੁਹੰਮਦ ਸਾਬ ਦੇ 1400 ਸਾਲ ਪੁਰਾਣੇ ਘਰ ਦੀਆਂ ਨੀਹਾਂ ਅੱਜ ਤਕ ਸਾਂਭੀਆਂ ਹੋਈਆਂ ਨੇ

ਅਜਿਹੇ ਚੜ੍ਹਦੀ ਕਲ੍ਹਾਂ ਵਿਚ ਚਲਣ ਵਾਲੇ ਮਨੁੱਖ ਜਿਸ ਦੀ ਸਿਰਜਣਾ ਗੁਰੂ ਨਾਨਕ ਨੇ ਕੀਤੀ ਉਸ ਨੂੰ ਨਾਨਕ ਨੇ 'ਸਿੱਖ' ਦਾ ਨਾਮ ਦਿਤਾ। ਗੁਰੂ ਨਾਨਕ ਦੇ ਨਾਮ ਦਾ ਸਿਧਾਂਤ ਝੱਟ ਇਕ ਲਹਿਰ ਬਣ ਗਇਆ। ਦੋ ਸਦੀਆਂ ਦੇ ਵਿਚ ਹੀ ਉੱਤਰੀ ਭਾਰਤ ਵਿਚ ਗੁਰੂ ਨਾਨਕ ਦੇ ਨਾਮ ਦਾ ਸਿੱਕਾ ਵੀ ਢਲ ਗਇਆ। ਅੱਜ ਭਾਵੇ

ਪੈੜ ਸਫਾ

◈ ਨਾਨਕਸ਼ਾਹੀ ਸਾਲ ਜਾਂ ਬਾਬੇ ਦੀ ਉਮਰ ਹੀ 'ਬਾਬ' ਭਾਵ ਚੈਪਟਰ ਨੰ. ਹੈ।

### ⊙ ਪਰ ਸਿੱਖ ਤਾਂ ਬਾਬੇ ਦਾ ਜਨਮ ਕੱਤਕ ਪੂਰਨਮਾਸ਼ੀ ਨੂੰ ਮਨਾਉਦੇ ਨੇ, ਅਜਿਹਾ ਕਿਓ?

ਸਭ ਤੋਂ ਪੁਰਾਣੀਆਂ ਜਨਮ ਸਾਖੀਆਂ (ਸੋਢੀ ਮਿਹਰਵਾਨ, ਪੁਰਾਤਨ, ਬੀ-40 ਆਦਿ) ਵਿੱਚ ਜਨਮ ਵੈਸਾਖ ਦਾ ਦਿੱਤਾ ਹੋਇਆ ਹੈ ਪਰ ਭਾਈ ਬਾਲੇ ਵਾਲੀ ਜਨਮ ਸਾਖੀ ਮੁਤਾਬਿਕ ਗੁਰੂ ਸਾਹਿਬ ਦਾ ਜਨਮ ਕਤਕ ਸੁਦੀ ਪੂਰਨਮਾਸੀ ਸੰਮਤ 1526 ਲਿਖਿਆ ਹੈ। ਇਸ ਜਨਮ ਸਾਖੀ ਵਿੱਚ ਦਾਵਾ ਕੀਤਾ ਹੈ ਕਿ ਸਾਖੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਕੋਲੋ ਪੁੱਛ ਪੁੱਛ ਲਿਖਵਾਈ। ਬਾਲੇ ਵਾਲੀ ਸਾਖੀ ਵਿੱਚ ਇਹ ਵੀ ਦਾਵਾ ਕੀਤਾ ਹੈ ਕਿ ਭਾਈ ਬਾਲਾ ਲੰਮਾ ਸਮਾਂ ਗੁਰੂ ਨਾਨਕ ਦੇ ਸਾਥੀ ਸਨ। ਜਦੋਂ ਕਿ ਮੂਲ ਸਿੱਖ ਇਤਹਾਸ ਵਿੱਚ ਭਾਈ ਬਾਲੇ ਦਾ ਕਿਤੇ ਵੀ ਜਿਕਰ ਨਹੀ। ਨਾਂ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਤੇ ਨਾਂ ਹੀ ਭਾਈ ਗੁਰਦਾਸ ਦੀਆਂ ਵਾਰਾਂ ਜਾਂ ਦਸਮ ਗ੍ਰੰਥ ਵਿੱਚ। ਭਾਈ ਗੁਰਦਾਸ ਨੇ ਤਾਂ ਗੁਰੂ ਨਾਨਕ ਦੇ ਪ੍ਰਸਿਧ ਸਿੱਖਾਂ ਦੀ ਫਰਿਸਤ ਵੀ ਦਿੱਤੀ ਹੈ। ਫਿਰ ਜਨਮ ਸਾਖੀ ਲਿਖਣ ਦੀ ਜੋ ਤਾਰੀਖ ਦਿੱਤੀ ਹੈ ਉਦੋਂ ਤੱਕ ਭਾਈ ਲਹਿਣੇ ਤੇ ਗੁਰੂ ਨਾਨਕ ਦਾ ਮੇਲ ਹੋਇਆ ਹੀ ਨਹੀ ਸੀ ਹੋਇਆ। ਫਿਰ ਜੇ ਗੁਰੂ ਅੰਗਦ ਪਾਤਸ਼ਾਹ ਨੇ ਲਿਖਵਾਈ ਹੁੰਦੀ ਤਾਂ ਆਪਣੇ ਜਾਂ ਆਪਣੇ ਪ੍ਰਵਾਰ ਬਾਰੇ ਗਲਤ ਜਾਣਕਾਰੀ ਨਾਂ ਲਿਖਦੇ। ਇਸ ਜਨਮ ਸਾਖੀ ਵਿੱਚ ਭਾਈ ਲਹਿਣੇ ਦੇ ਪਿਤਾ ਦਾ ਨਾਂ ਵੀ ਕਿਤੇ ਕਿਤੇ ਗਲਤ ਮਿਲਦਾ ਹੈ। ਵਿਦਵਾਨ ਇਸ ਨਤੀਜੇ ਤੇ ਪਹੁੰਚੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਗੁਰੂ ਘਰ ਦੇ ਦੋਖੀ ਜੰਡਿਆਲਾ ਗੁਰੂ ਦੇ ਹੰਦਾਲ ਨਿਰੰਜਨੀਆਂ ਨੇ ਦਸਮ ਪਾਤਸ਼ਾਹ ਦੇ ਜੀਵਨ ਕਾਲ ਦੇ ਨੇੜੇ ਤੇੜੇ ਮੰਦ ਭਾਵਨਾ ਨਾਲ ਲਿਖਾਈ ਸੀ। ਇਸ ਵਿੱਚ ਕਿਤੇ ਕਿਤੇ ਗੁਰੂ ਸਾਹਿਬ ਦੀ ਪਵਿਤ੍ਰ ਸ਼ਖਸੀਅਤ ਨੂੰ ਨੀਵਾ ਦਿਖਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਇਸ ਜਨਮ ਸਾਖੀ ਵਿੱਚ ਹੰਦਾਲ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਦੱਸਿਆ ਹੈ। 18ਵੀ

ਪੈੜ ਅਗਲੇ ਸਫੇ ਤੇ ਚਲਦਾ ➡



ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਪੰਡਤ ਹਰਦਿਆਲ ਨੂੰ ਬੱਚੇ ਦੇ ਦਰਸ਼ਨ ਕਰਾ ਰਹੇ ਨੇ । -ਪੁਰਾਣੀ ਪੇਂਟਿੰਗ (ਬੀ:40)

ਬਹੁਤੇ ਭਾਰਤੀ ਆਪਣੇ ਆਪ ਨੂੰ ਸਿੱਖ ਨਾਂ ਅਖਵਾਉਦੇ ਹੋਣ ਪਰ ਹਰ ਕਿਸੇ ਨੂੰ ਪਤਾ ਜਰੂਰ ਚੱਲ ਚੁੱਕਿਆ ਹੈ ਕਿ ਮੁਹੰਮਦ, ਬ੍ਰਹਮਾ, ਵਿਸ਼ਨੂੰ, ਮਹੇਸ਼, ਬੁੱਧ, ਮਹਾਂਵੀਰ ਤੋਂ ਉੱਤੇ ਵੀ ਕੋਈ ਹਸਤੀ ਹੈਗੀ ਆ ਜਿਸ ਨੇ ਇਨਾਂ ਨੂੰ ਵੀ ਪੈਦਾ ਕੀਤਾ ਸੀ। ਦੁਨਿਆਵੀ ਅਸੂਲ ਹੈ ਕਿ ਹਰ ਚੰਗੀ ਚੀਜ ਦੀ ਵਿਰੋਧਤਾ ਤਾਂ ਹੁੰਦੀ ਹੀ ਹੈ। ਜਿਸ ਕਾਰਨ ਨਾਨਕ ਦਾ ਸਿਧਾਂਤ ਵੀ ਅੱਜ ਏਸੇ ਪੜਾਅ ਜਾਂ ਮਰਹਲੇ ਥਾਂਣੀ ਲੰਘ ਰਿਹਾ ਹੈ। ਉਂਜ ਨਾਨਕ ਦਾ ਨਾਮ ਲੈਣ ਵਾਲੇ ਅੱਜ ਦੁਨੀਆ ਦੇ ਹਰ ਕੋਨੇ ਤਕ ਪਹੁੰਚ ਚੁੱਕੇ ਨੇ।

ਜਨਮਸਾਖੀ ਵਿਚ ਆਉਦਾ ਹੈ ਕਿ ਜਦੋਂ ਨਾਨਕ ਕੋਲੋਂ ਉਸ ਦਾ ਨਾਂ ਪੁੱਛਿਆ ਜਾਂਦਾ ਸੀ ਤਾਂ ਉਹ ਕਹਿੰਦੇ ਸਨ ਕਿ ਮੈਂ 'ਨਾਨਕ ਨਿਰੰਕਾਰੀ' ਉਸ ਏਕੇ ਦਾ ਸ਼ੁਦਾਈ ਜੋ ਸਾਰੇ ਬ੍ਰਿਹਮੰਡ ਦਾ ਮਾਲਕ ਹੈ। ਇਹੋ ਜਿਹੇ ਮਨੁੱਖਤਾਵਾਦੀ, ਨਹੀ ਸ੍ਰਿਸਟੀਵਾਦੀ ਪੈਗੰਬਰ ਦੀ ਜਦੋਂ ਗਲ ਚਲੇ ਤਾਂ ਉਨੂੰ ਨਿਰਾ ਨਾਨਕ ਕਿਓਂ ਕਹੀਏ? ਉਹ ਸਾਡਾ ਪਿਆਰਾ ਸ੍ਰੀ ਗੁਰੂ ਨਾਨਕ ਪਾਤਸ਼ਾਹਾਂ ਦਾ ਪਾਤਸ਼ਾਹ। ਆਓ ਉਸ ਦੇ ਅਲੌਕਿਕ ਜੀਵਨ ਤੇ ਇੱਕ ਨਿੱਕੀ ਨਿਮਾਣੀ ਜਿਹੀ ਝਾਤ ਮਾਰੀਏ।

ਗਲ ਜਨਮ ਦੀ ਚਲ ਰਹੀ ਸੀ। ਖੈਰ ਸਮਝਣ ਵਾਲੇ ਤਾਂ ਸਮਝ ਰਹੇ ਸਨ ਕਿ ਕੋਈ ਅਦੁੱਤੀ ਬਾਲ ਪੈਦਾ ਹੋਇਆ ਹੈ। ਬਾਲਕ ਨਾਨਕ ਦੇ ਜਨਮ ਲੈਣ ਤੇ ਦਾਈ ਦੌਲਤਾਂ ਨੇ ਦੁਹਾਈ ਦੇ ਦਿੱਤੀ ਸੀ:

> "ਭੈਣੋ ਮੇਰੇ ਹੱਥੀ ਸੈਕੜੇਂ ਬੱਚੇ ਜੰਮੇ ਆਂ। ਪਰ ਜਰਮ ਵੇਲੇ ਇਹ ਬੱਚਾ ਕੁਝ ਵੱਖਰਾ ਹੀ ਸੀ। ਜਰਮ ਵੇਲੇ ਬੱਚੇ ਰੋਂਦੇ ਨੇ। ਪਰ ਇਹ ਤਾਂ ਇਉ ਲੱਗਾ ਜਿਵੇ ਕੋਈ ਦਾਨਾ ਬੰਦਾ, ਬੈਠੀ ਮਜਲਸ ਨੂੰ ਸਲਾਮ ਨਮਸਤੇ ਬੁਲਾਉਦਾ ਹੋਵੇ। ਹੱਸਣ ਜਿਹੀ ਅਵਾਜ ਕੱਢੀ ਇਸ ਜਨਮ ਵੇਲੇ। ਰੋਇਆ ਉਕਾ ਈ ਨਹੀ। "

ਜੱਚੇ-ਬੱਚੇ ਬਾਰੇ ਇਹ ਵੀ ਮਸ਼ਹੂਰ ਹੋ ਗਇਆ ਕਿ ਇਹ ਮਸਤ ਹੋਇਆ ਪਿਆ ਰਹਿੰਦਾ ਹੈ। ਮਾਂ ਦੁੱਧ ਚੁੰਘਾ ਦੇਵੇ ਤਾਂ ਠੀਕ, ਨਾਂ ਚੁੰਘਾਵੇ ਤਾਂ ਵੀ ਮਸਤ। ਕੋਈ ਚੀਕ ਚਿਹਾੜਾ ਨਹੀ। ਬਾਲਕ ਦੇ ਜਨਮ ਤੇ ਪਿਤਾ ਕਾਲੂ ਨੇ ਵੱਡੀ ਖੁਸ਼ੀ ਮਨਾਈ ਤੇ ਲਾਗੀਆਂ ਨੂੰ ਚੀਜ਼ਾਂ, ਵਸਤਾਂ, ਕਪੜੇ, ਨਗਦ ਦੇ ਕੇ ਖੂਬ ਪ੍ਰਸੰਨ ਕੀਤਾ।

ਕਿਉਕਿ ਮਹਿਤਾ ਕਾਲੂ ਬੇਦੀ ਗੋਤ ਦੇ ਹਿੰਦੂ ਖੱਤਰੀ ਸਨ। ਉਨਾਂ ਨੇ ਜਨਮ ਦੀਆਂ ਰਸਮਾਂ ਕਰਨ ਲਈ ਨੌਵੇ ਦਿਨ ਹਰਦਿਆਲ ਨਾਂ ਦੇ ਪੰਡਿਤ ਨੂੰ ਘਰ ਸੱਦਿਆ। ਬੱਚੇ ਦਾ ਨਾਂ ਰੱਖਿਆ ਗਿਆ, "ਨਾਨਕ"। ਨਾਨਕ ਨਾਮ ਹਿੰਦੂ ਤੇ ਮੁਸਲਮਾਨ ਦੋਵਾਂ ਕੌਮਾਂ ਵਿੱਚ ਹੁੰਦਾ ਸੀ। ਅੱਗੇ ਜਾ ਕੇ ਤੁਸੀ ਪੜ੍ਹੋਗੇ ਕਿ ਜਦੋਂ ਗੁਰੂ ਜੀ ਕੋਲੋਂ ਕੋਈ ਨਾਂ ਪੁੱਛਦਾ ਸੀ ਤਾਂ ਉਹ ਆਪਣਾ ਨਾਂ "ਨਾਨਕ ਨਿਰੰਕਾਰੀ" ਹੀ ਦਸਦੇ ਸਨ। ਕਿਹਾ ਜਾਂਦਾ ਹੈ ਕਿ ਹਰਦਿਆਲ ਨੇ ਜਦੋਂ

---

ਪੈੜ ਸਫਾ

➡ ਪਿਛਲੇ ਸਫੇ ਤੋਂ

ਜਨਮ ਦੇ ਪ੍ਰਸੰਗ ਲਿਖਣ ਤੇ ਜਰੂਰਤ ਤੋਂ ਕੁਝ ਜਿਆਦਾ ਜੋਰ ਲਾ ਦਿੱਤਾ ਹੈ ਜੋ ਸ਼ੱਕ ਪੈਦਾ ਕਰਦਾ ਹੈ। ਵਿਦਵਾਨਾਂ ਨੇ ਇਹ ਵੀ ਵੇਖਿਆਂ ਹੈ ਕਿ ਬਾਲੇ ਵਾਲੀ ਸਾਖੀ ਵਿੱਚ ਕਾਫੀ ਕੁਝ ਉਸ ਜਨਮ ਸਾਖੀ ਤੋਂ ਲਿਆਂ ਗਇਆ ਹੈ ਜਿਸ ਨੂੰ ਅਜਕਲ ਵਲੈਤ ਵਾਲੀ ਜਾਂ ਪੁਰਾਤਨ ਜਨਮ ਸਾਖੀ ਕਿਹਾ ਜਾਂਦਾ ਹੈ ਜੋ ਕਿ ਬਾਲੇ ਵਾਲੀ ਜਨਮ ਸਾਖੀ ਤੋਂ ਪੁਰਾਣੀ ਹੈ। ਸਾਰੀਆਂ ਜਨਮਸਾਖੀਆਂ ਨੂੰ ਘੋਖਣ ਉਪਰੰਤ ਬੰਦਾ ਏਸੇ ਨਤੀਜੇ ਤੇ ਪਹੁੰਚਦਾ ਹੈ ਕਿ ਇਹਨਾਂ ਜਨਮਸਾਖੀਆਂ ਦੀ ਮਾਂ ਵੀ ਸੀ। ਜੋ ਬਚ ਨਾਂ ਸਕੀ। ਜਿਹੜੀ ਸਭ ਤੋਂ ਪੁਰਾਤਨ ਜਨਮ ਸਾਖੀ ਮਿਲਦੀ ਹੈ ਉਹ ਵੀ ਅੰਗਰੇਜਾਂ ਨੇ ਸਾਂਭੀ ਸੀ ਅਤੇ ਜਦੋਂ ਉਨਾਂ ਨੂੰ ਦਿਸਿਆ ਕਿ ਕਾਫੀ ਪੁਰਾਣਾ ਦਸਤਾਵੇਜ ਲਗਦਾ ਹੈ ਉਹ ਲੰਡਣ ਲੈ ਗਏ। ਜੋ ਅੱਜ ਤਕ ਅਜਾਇਬ ਘਰ ਵਿਚ ਸਾਂਭੀ ਪਈ ਹੈ। ਬਦਕਿਸਮਤੀ ਨਾਲ ਆਮ ਸਿੱਖ ਜਨਤਾ ਇਤਹਾਸਕ ਵਸਤੂਆਂ ਦੀ ਜਿਆਦਾ ਕਦਰ ਨਹੀ ਕਰਦੀ।

ਬੇਦੀ-120 ਨੇ ਇਨਾਂ ਹਾਲਾਤਾਂ ਵਿਚ ਦਾਵਾ ਕੀਤਾ ਹੈ ਕਿ ਬਾਬਾ ਸ੍ਰੀ ਚੰਦ ਦਾ ਜਨਮ ਕਤਕ ਪੂਰਨਮਾਸ਼ੀ ਦਾ ਹੈ ਇਸ ਕਰਕੇ ਗੁਰੂ ਸਾਹਿਬ ਦਾ ਜਨਮ ਵੀ ਓਸੇ ਤਰੀਕ ਨੂੰ ਮਨਾਇਆ ਜਾਂਣ ਲੱਗਾ। ਇਹ ਵੀ ਵੀਚਾਰ ਦਿੱਤਾ ਹੈ ਕਿ ਕਿਉਕਿ ਗੁਰੂ ਨਾਨਕ ਦੇ ਅਸਲ ਜਨਮ ਦਿਨ ਭਾਵ ਵੈਸਾਖ ਵਿੱਚ ਲੋਕ ਅਜੇ ਵਾਢੀ ਟੋਕੀ ਤੋਂ ਵਿਹਲੇ ਨਹੀ ਹੋ ਪਾਉਦੇ ਸਨ ਇਸ ਕਰਕੇ ਬਾਬੇ ਦੇ ਜਨਮ ਤੇ ਰੌਣਕਾਂ ਨਾਂ ਹੋ ਪਾਉਦੀਆਂ। ਪਰ ਬਾਬਾ ਸ੍ਰੀ ਚੰਦ ਦਾ ਜਨਮ ਦਿਹਾੜਾ ਧੂਮ ਧਾਮ ਨਾਮ ਮਨਾਇਆ ਜਾਂਦਾ। ਹੌਲੀ ਹੌਲੀ ਲੋਕੀ ਸ੍ਰੀ ਚੰਦ ਦੇ ਜਨਮ ਦਿਹਾੜੇ ਨੂੰ ਬਾਬੇ ਦਾ ਗੁਰਪੁਰਬ ਸਮਝਣ ਲੱਗ ਗਏ ਅਤੇ ਇਹੋ ਪ੍ਰੰਪਰਾ ਪੱਕੀ ਹੋ ਗਈ। ਅਸੀ ਬੇਦੀ ਦੀ ਇਸ ਗਲ ਨੂੰ ਤਸਦੀਕ ਨਹੀ ਕਰਦੇ। ਸ੍ਰੀ ਚੰਦ ਦਾ ਜਨਮ ਕਤਕ ਪੂਰਨਮਾਸ਼ੀ ਦਾ ਨਹੀ ਹੈ ਸਗੋਂ ਭਾਦਰੋਂ ਸੁਦੀ ਨੌਵੀ ਦਾ ਹੈ।

ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਹੈ ਕਿ ਬਾਲੇ ਵਾਲੀ ਜਨਮਸਾਖੀ ਨੇ ਕਤਕ ਪੂਰਨਮਾਸ਼ੀ ਜਨਮ ਦਿਨ ਇਸ ਕਰਕੇ ਲਿਖਿਆ ਕਿਉਕਿ ਇਹ ਦਿਨ ਹੰਦਾਲ ਦੇ ਜਨਮ ਦਾ ਸੀ। ਇਸ ਗਲ ਵਿਚ ਸਾਨੂੰ ਦਮ ਲਗਦਾ ਹੈ।

20 ਸਦੀ ਦੇ ਸਾਰੇ ਪ੍ਰਸਿੱਧ ਲਿਖਾਰੀਆਂ ਨੇ ਜਨਮ ਮਿਤੀ ਵੈਸਾਖ ਵਿੱਚ ਹੀ ਮੰਨੀ ਹੈ।

ਜਨਮ ਸਬੰਧੀ ਆ ਚੁੱਕੀ ਗਲਤ ਪ੍ਰੰਪਰਾ ਨੂੰ ਠੀਕ ਕਰਨ ਦਾ ਸਭ ਤੋਂ ਸੌਖਾ ਤਰੀਕਾ ਇਹ ਹੈ ਕਿ ਜਨਮ ਦਿਨ ਸਾਲ ਵਿੱਚ ਦੋ ਵਾਰ ਮਨਾ ਲਿਆ ਜਾਵੇ ਭਾਵ ਵੈਸਾਖ ਸੁਦੀ 3 ਭਾਵ 15 ਅਪ੍ਰੈਲ ਅਤੇ ਕਤਕ ਪੂਰਨਮਾਸ਼ੀ ਨੂੰ ਵੀ। ਇਸ ਪ੍ਰਕਾਰ ਸਿਰਫ ਦੋ ਚਾਰ ਸਾਲ ਦੇ ਅਰਸੇ ਵਿੱਚ ਹੀ ਪ੍ਰੰਪਰਾ ਵਿੱਚ ਸੁਧਾਰ ਆ ਜਾਏਗਾ। ਸ਼੍ਰੋਮਣੀ ਕਮੇਟੀ ਨੂੰ ਇਹ ਪਹਿਲ ਕਰਨੀ ਪਵੇਗੀ।

(ਏਥੇ ਸਿੱਖ ਸੰਗਤਾਂ ਨੂੰ ਸੁਚੇਤ ਕਰਨਾਂ ਬਣਦਾ ਹੈ ਕਿ 18ਵੀ ਸਦੀ ਵਾਲੇ ਹਾਲਾਤ ਅੱਜ ਵੀ ਬਣੇ ਹੋਏ ਹਨ। ਸਿੱਖ ਪ੍ਰੰਪਰਾਵਾਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਜੋਰਾਂ ਤੇ ਹਨ ਜੋ ਭਵਿਖ ਵਿਚ ਪੰਥ ਲਈ ਮੁਸੀਬਤਾਂ ਬਣਨਗੀਆਂ।)

ਦੌਲਤਾਂ ਦਾਈ ਦੀਆਂ ਗੱਲਾਂ ਸੁਣੀਆਂ ਤੇ ਟੇਵਾ ਭਾਵ ਜਨਮ ਪੱਤਰੀ ਤਿਆਰ ਕੀਤੀ ਤਾਂ ਉਸ ਨੇ ਭਵਿਖਬਾਣੀ ਕਰ ਦਿੱਤੀ ਸੀ ਕਿ ਇਹ ਕੋਈ ਪੀਰ-ਪੈਗੰਬਰ ਜਨਮਿਆ ਹੈ।

ਨਾਨਕ ਤੋਂ 5 ਸਾਲ ਵੱਡੀ ਉਹਨਾਂ ਦੀ ਇਕ ਭੈਣ ਵੀ ਸੀ। ਜਿਸ ਦਾ ਨਾਂ ਸੀ "ਨਾਨਕੀ"। ਇਤਹਾਸ ਵਿੱਚ ਇਨ੍ਹਾਂ ਦਾ ਨਾਂ ਬੇਬੇ ਨਾਨਕੀ ਮਸ਼ਹੂਰ ਹੈ। ਬੇਬੇ ਨਾਨਕੀ ਨੇ ਆਪਣੇ ਵੀਰੇ ਨਾਲ ਖੇਡਦਿਆਂ ਮਲਦਿਆਂ ਉਨਾਂ ਨੂੰ ਪਛਾਣ ਲਿਆਂ ਸੀ ਕਿ ਇਹ ਤਾਂ ਕੋਈ ਰੱਬੀ ਰੂਹ ਹੈ। ਭੈਣ ਦਾ ਆਪਣੇ ਭਰਾ ਲਈ ਅਥਾਹ ਪਿਆਰ ਸੀ। ਬਾਲਕ ਨਾਨਕ ਨੂੰ ਰੱਬੀ ਰੂਹ ਪਛਾਨਣ ਵਾਲੇ ਦੂਜੇ ਸਨ ਰਾਇ ਬੁਲਾਰ+, ਜੋ ਤਲਵੰਡੀ ਦੇ ਮਾਲਕ ਸਨ।

ਕਿੱਤੇ ਪੱਖੋ ਮਹਿਤਾ ਕਾਲੂ ਉਰਫ ਕਲਿਆਣ ਦਾਸ ਪਟਵਾਰੀ ਸਨ ਜੋ ਇਸੇ ਹੀ ਪਿੰਡ ਦੇ ਜਗੀਰਦਾਰ ਰਾਇ ਬੁਲਾਰ ਕੋਲ ਕਾਰਦਾਰ ਸਨ। ਅੱਜ ਦੀ ਬੋਲੀ ਅਨੁਸਾਰ ਪ੍ਰਬੰਧਕ ਭਾਵ ਮੈਨੇਜਰ ਸਨ। ਰਾਇ ਬੁਲਾਰ ਕਈ ਪਿੰਡਾਂ ਦੇ ਮਾਲਕ ਸਨ। ਮਹਿਤਾ ਕਾਲੂ ਹੀ ਸਾਰਾ ਜਮੀਨਾਂ ਜਾਇਦਾਦਾਂ ਤੇ ਮਾਮਲੇ ਦਾ ਹਿਸਾਬ ਕਿਤਾਬ ਰਖਦੇ ਸਨ। ਪਿੰਡ ਤੇ ਇਲਾਕੇ ਵਿੱਚ ਮਹਿਤਾ ਜੀ ਦਾ ਖਾਸਾ ਰੋਹਬ ਤੇ ਅਸਰ ਸੀ। ਮਹਿਤਾ ਕਾਲੂ, ਮਹਿਤਾ ਸ਼ਿਓ ਰਾਮ ਦੇ ਪੁੱਤ੍ਰ ਤੇ ਸ਼ਿਓ ਰਾਮ ਨਰਾਇਣ ਦਾਸ ਦੇ ਪੁੱਤ੍ਰ ਸਨ। ਗੁਰੂ ਸਾਹਿਬ ਦੀ ਦਾਦੀ ਦਾ ਨਾਂ ਮਾਤਾ ਬਨਾਰਸੀ ਸੀ। ਗੁਰੂ ਸਾਹਿਬ ਦਾ ਇਕ ਚਾਚਾ ਵੀ ਸੀ ਜਿਸ ਦਾ ਲਾਲੂ ਸੀ। ਤੁਸੀ ਅੱਗੇ ਪੜ੍ਹੋਂਗੇ ਕਿ ਰਾਇ ਬੁਲਾਰ ਤੇ ਮਹਿਤਾ ਕਾਲੂ ਦੇ ਵਡੇਰੇ ਪਿੰਡ ਜਾਮਾਰਾਇ ਅਤੇ ਪੱਠੇਵਿੰਡ ਨੇੜੇ ਤਰਨ ਤਾਰਨ ਤੋਂ ਉਠ ਕੇ ਤਲਵੰਡੀ ਵਸੇ ਸਨ। ਓਹਨੀ ਦਿਨੀ ਪੰਜਾਬ ਦੇ ਖੱਤਰੀ ਪੱਛਮ ਵਾਲੇ ਪਾਸਿਓ ਆਉਣ ਵਾਲੇ ਹਮਲਾਵਰ ਰਾਜਿਆਂ ਦੇ ਅਕਸਰ ਦੀਵਾਨ ਜਾਂ ਵਜੀਰ ਹੋਇਆ ਕਰਦੇ ਸਨ। ਇਹ ਭਾਰਤ ਦਾ ਅਜਿਹਾ ਕਬੀਲਾ ਸੀ ਜਿਹਨਾਂ ਨੂੰ ਫਾਰਸੀ ਭਾਸ਼ਾ ਦਾ ਵੀ ਗਿਆਨ ਹੁੰਦਾ ਸੀ। ਪ੍ਰਦੇਸੀ ਰਾਜਾ ਅਤੇ ਭਾਰਤੀ ਜਨਤਾ ਦਰਮਿਆਨ ਖੱਤਰੀ ਕੜੀ ਦਾ ਕੰਮ ਕਰਦੇ ਸਨ। ⊙

ਪੈਰ ਸਫਾ

✚ ਪਾਕਿਸਤਾਨੀ ਵਿਦਵਾਨ ਗੁਲਾਮ ਮੁਸਤਫਾ ਡੋਗਰ (ਹਰਭਜਨ ਬਰਾੜ ਦੇ ਦੋਸਤ) ਦਾ ਦਾਵਾ ਹੈ ਕਿ ਪਠਾਣਾਂ ਵਿਚ ਨਾਂ ਬੁਲਾਰ ਨਹੀ, ਬਲੌਰ ਹੁੰਦਾ ਹੈ ਅਤੇ ਇਸ ਕਰਕੇ ਰਾਇ ਬਲੌਰ ਲਿਖਿਆ ਜਾਵੇ। ਅਸੀ ਸਮਝਦੇ ਹਾਂ ਸਿੱਖਾਂ ਨੇ ਰਾਇ ਬੁਲਾਰ ਦੀ ਸਖਸ਼ੀਅਤ ਨੂੰ ਪਿੱਛਲੇ 400-500 ਸਾਲਾਂ ਵਿਚ ਉਭਾਰਿਆ ਹੈ। ਸੋ ਇਸ ਅਰਸੇ ਤੇ ਆ ਕੇ ਨਾਂ ਵਿਚ ਤਬਦੀਲੀ ਕਰਨਾਂ ਰਾਇ ਬੁਲਾਰ ਦੀ ਇਤਹਾਸਿਕ ਸ਼ਖਸੀਅਤ ਨਾਲ ਜਿਆਦਤੀ ਹੋਵੇਗੀ। ਇਹ ਵੀ ਸੰਭਾਵਨਾ ਹੈ ਕਿ ਪੰਜਾਬ ਵਿਚ ਓਦੋਂ ਨਾਂ ਬੁਲਾਰ ਹੀ ਚਲਦਾ ਹੋਵੇ।

## ⊙ ਗੁਰੂ ਸਾਹਿਬਾਨ ਦੇ ਵਡੇਰੇ ਈਰਾਨ ਪਾਸਿਓ ਹੀ ਆਏ ਸਨ

ਜਾਤਪਾਤ ਦੀ ਪ੍ਰਣਾਲੀ ਤੇ ਡੂੰਘੀ ਸੱਟ ਮਾਰਨ ਵਾਲੇ ਗੁਰੂ ਸਾਹਿਬ ਬੇਦੀ ਗੋਤ ਦੇ ਖੱਤਰੀ ਪ੍ਰਵਾਰ ਵਿਚ ਜਨਮੇ। ਅੱਜ ਤੋਂ 2500 ਸਾਲ ਪਹਿਲਾਂ ਈਰਾਨ ਤੋਂ ਹਿਜਰਤ ਕਰਕੇ ਪੰਜਾਬ ਆਇਆ ਕਬੀਲਾ ਹੀ ਖੱਤਰੀ ਕਹਾਇਆ ਸੀ। ਜਦੋਂ ਇਹ ਹਿਜਰਤ ਹੋਈ ਤਾਂ ਭਾਰਤ ਵਿਚ ਜਾਤ ਪਾਤ ਪ੍ਰਣਾਲੀ ਜਨਮ ਲੈ ਚੁੱਕੀ ਸੀ। ਕਿਉਕਿ ਇਹ ਹੁਕਮਰਾਨ ਕਬੀਲਾ ਸੀ ਇਸ ਕਰਕੇ ਬ੍ਰਾਹਮਣਾਂ ਨੇ ਇਨਾਂ ਨੂੰ ਵੀ ਕਸ਼ੱਤਰੀਆ ਦਰਜਾ ਦਿੱਤਾ। ਵੇਖੋ ਪੰਜਾਬਮੋਨੀਟਰ ਡਾਟ ਕਾਮ ਵੈਬਸਾਈਟ। ਪੜ੍ਹ ਕੇ ਹੈਰਾਨ ਹੋਵੋਗੇ ਕਿ ਜੱਟਾਂ ਦੇ ਕਬੀਲੇ ਜਦੋਂ ਪੰਜਾਬ ਵਿਚ ਆਏ ਬ੍ਰਾਹਮਣਾਂ ਨੇ ਇਹਨਾਂ ਨੂੰ ਵੀ ਪਹਿਲਾਂ ਸ਼ੂਦਰ ਸ਼੍ਰੇਣੀ ਵਿਚ ਰੱਖਿਆ ਸੀ।

ਜਨਮ ਸਾਖੀ ਤੇ ਕੰਮ ਕਰਨ ਦੌਰਾਨ ਇਸ ਲਿਖਾਰੀ ਨੂੰ ਪੰਜਾਬ ਦੇ ਬਹੁਤੇ ਕਬੀਲਿਆਂ ਦੇ ਪਿੱਛੋਕੜ ਬਾਰੇ ਬਹੁਤ ਹੀ ਦਿਲਚਸਪ ਜਾਣਕਾਰੀ ਹੋਈ ਕਿ ਬਹੁਤੇ ਕਬੀਲੇ ਪੱਛਮ ਵਿਚੋਂ ਹੀ ਆਉਦੇ ਹਨ। ਜਿਹੜੇ ਇਲਾਕੇ ਤੋਂ ਉਹ ਉਠ ਕੇ ਆਏ ਉਹੋ ਉਹਨਾਂ ਦੀਆਂ ਗੋਤਾਂ ਦੇ ਨਾਂਵਾਂ ਦੇ ਅਧਾਰ ਬਣੇ। ਆਹ ਸੱਜੇ ਪਾਸੇ ਦਿੱਤੀ ਸਾਰਣੀ ਤੁਹਾਡੀ ਅੱਖਾਂ ਖੋਲ ਦੇਵੇਗੀ ਕਿ ਕਿਵੇ ਪੰਜਾਬੀ ਲੋਕ ਤਾਂ ਦੂਰ ਦੇਸਾਂ ਤੋਂ ਹਿਜਰਤ ਕਰਕੇ ਆਏ ਲੋਕਾਂ ਦੀ ਖਿਚੜੀ ਆ। ਇਥੋਂ ਦੀ ਸਮਤਲ ਧਰਤੀ ਅਤੇ ਪਾਣੀ ਦੀ ਬਹੁਲਤਾ ਬਾਹਰਲਿਆਂ ਦੀ ਖਿੱਚ ਦਾ ਕਾਰਨ ਬਣੀ। ਜਿਆਦਾਤਰ ਇਹ ਹਿਜਰਤਾਂ ਅੱਜ ਤੋਂ 1000 ਤੋਂ 3000 ਸਾਲ ਪਹਿਲਾਂ ਹੋਈਆਂ ਭਾਵ ਇਸਲਾਮ ਦੇ ਜਨਮ ਤੋਂ ਪਹਿਲਾਂ। ਈਰਾਨ ਦਾ ਇਤਹਾਸ ਪੜ੍ਹਨ ਤੇ ਪਤਾ ਲਗਦਾ ਹੈ ਕਿ ਪੰਜਾਬ ਵਲ ਹਿਜਰਤਾਂ ਉਦੋਂ ਵੀ ਹੋਈਆਂ ਜਦੋਂ ਇਰਾਨ ਵਿਚ ਕੋਈ ਛੂਆ ਛੂਤ ਦੀ ਬੀਮਾਰੀ (ਤੂਨ ਹੈਜਾ ਆਦਿ) ਪਈ ਜਾਂ ਕੋਈ ਹੋਰ ਮੁਸੀਬਤ ਆਈ।

| ਜਾਤ/ ਗੋਤ ਦਾ ਨਾਂ 1. | ਮੂਲ ਇਲਾਕਾ ਸ਼ਹਿਰ ਜਾਂ ਕਬੀਲਾ 2. | ਮੁਲਕ ਜਿਸ ਵਿਚ ਇਹ ਵਾਕਿਆ ਹੈ ਅਤੇ ਨਾਂ ਕਿਵੇ ਵਿਗੜਿਆ 3. |
|---|---|---|
| ਖੱਤਰੀ | ਖਤਰੀਟਾ | ਈਰਾਨ |
| ਬੇਦੀ | ਬਦਰਗੀਸ-ਸੂਬਾ | ਅਫਗਾਨ. (ਇਰਾਕ, ਇਰਾਨ ਵਿਚ ਬਾਇਦੀ ਕਬੀਲਾ ਵੀ) |
| ਤ੍ਰਿਹਨ | ਤਹਿਰਾਨ | ਈਰਾਨ |
| ਭੱਲਾ | ਬਾਲਾ ਬੁਲੱਕ | ਅਫਗਾਨ (ਬਾਲਾ-ਬੁਲੱਕਵਾਲਾ) |
| ਸੋਢੀ | ਸੋਘਧੀ | ਤਜੀਕਿਸਤਾਨ / ਈਰਾਨ |
| ਧਵਾਣ | ਧਮਾਵੰਦ | ਈਰਾਨ |
| ਕੱਕੜ | ਕਾਕੜ | ਅਫਗਾਨ |
| ਖੰਨਾ | ਖੁੱਜੇਸਤਾਨ | ਈਰਾਨ (ਖੁੱਜੇਸਤਾਨ ਵਾਲਾ) |
| ਅਨੰਦ | ਅਲਵੰਡ | ਈਰਾਨ |
| ਕੋਹਲੀ | ਕੋਹੇਸਤਾਨ | ਈਰਾਨ (ਕੋਹ=ਪਹਾੜ) |
| ਸਰਨਾ | ਸ਼ਰਵਾਨ | ਅਜ਼ਰਬਾਇਜਾਨ |
| ਧੀਰ | ਧੀਕਰ | ਇਰਾਕ |
| ਖੋਸਲਾ | ਖੋਸਤ | ਈਰਾਨ (ਖੋਸਤਵਾਲਾ) |
| ਸਾਹਨੀ | ਇਸਫਾ-ਹਾਨ | ਈਰਾਨ (ਇਸਫਾਹਾਨੀ) |
| ਵੋਹਰਾ | ਬੋਖਤਰ | ਤਜੀਕਿਸਤਾਨ (ਪਹਿਲਾਂ ਗੋਤ ਦਾ ਨਾਂ ਬੋਹਕਰ ਸੀ) |
| ਬਹਿਲ | ਬੇਹਾਬਾਦ | ਈਰਾਨ |
| ਭਸੀਨ | ਬਦਕਸ਼ਾਨ | ਈਰਾਨ (ਬਦਕਸ਼ੀਨ) |
| ਚੱਢਾ | ਚਰਸੱਦਾ | ਅਫਗਾਨ/ਪਾਕਿ |
| ਖੁਰਾਨਾ | ਖੁਰਾਸਾਨ | ਈਰਾਨ / ਅਫਗਾਨ ਇਲਾਕੇ |
| ਵਿੱਜ | ਅਵਾਜੀਕ | ਈਰਾਨ |
| ਚਾਹਲ | ਚਾਲ | ਅਫਗਾਨ |
| ਗੁਰਾ-ਇਆ | ਗੌਰ | ਅਫਗਾਨਿਸਤਾਨ (ਗੌਰਵਾਲਾ) |

| 1 | 2 | 3 |
|---|---|---|
| ਬਲ | ਬਲਖ | ਅਫਗਾਨ |
| ਬੱਸੀ | ਬੁਸ਼ਹਿਰ | ਈਰਾਨ |
| ਹੁੰਦਲ | ਹੂੰਨ | ਈਰਾਨ ਆਦਿ (ਹੂਨ +ਦਲ) |
| ਖੰਗੂਰਾ | ਓਖੰਗਰੋ | ਉਜ਼ਬੇਕ |
| ਓਸਾਹਨ | ਓਸ਼ਨਾ-ਵੀਹ | ਈਰਾਨ |
| ਖਾਰਾ | ਬੁਖਾਰਾ | ਉਜ਼ਬੇਕ |
| ਬਾਲੀ | ਅਬਾਲੀ | ਈਰਾਨ |
| ਮਾਂਗਿਟ | ਮਾਂਗਿਟ | ਉਜ਼ਬੇਕ |
| ਰੰਧਾਵਾ | ਅਰਧਾ-ਬਿਲ | ਈਰਾਨ (ਰਧਾਬਿਲ ਵਾਲਾ) |
| ਸਮਰਾ | ਸਮਰ ਕੰਦ | ਉਜ਼ਬੇਕਿਸਤਾਨ |
| ਮਿਨਹਾਸ | ਮਸ਼ਹਦ | ਈਰਾਨ |
| ਬਾਜਵਾ | ਅਜ਼ਰਬਾ-ਇਜਾਨ | ਈਰਾਨ |
| ਗਿੱਲ | ਗਿਲਾਨ | ਈਰਾਨ |
| ਬਸਰਾ | ਬਸਰਾ | ਇਰਾਕ |
| ਜੰਜੂਆ | ਜ਼ੰਜ਼ਨ | ਈਰਾਨ |
| ਕੂਨੜ | ਕੂਨਰ | ਅਫਗਾਨਿ |
| ਕੰਬੋਜ | ਕੰਬੋਡੀ. | ਕੰਬੋਡੀਆ |
| ਸਿੱਧੂ | ਸਿੰਧ | ਪਾਕਿਸਤਾਨ |
| ਮੱਲੀ | ਮੁਲਤਾਨ | ਪਾਕਿਸਤਾਨ |
| ਸੰਧੂ | ਸਿੰਧ | ਪਾਕਿਸਤਾਨ |
| ਮਠਾੜੂ | ਮਥਰਾ | ਭਾਰਤ |
| ਤਰਖਾਣ | ਤੋਰਖਾਣ | ਸ਼ਾਹੀ ਅਫਸਰ |
| ਮੱਲੀ | ਮੁਲਤਾਨ | ਪਾਕਿਸਤਾਨ |
| ਛੀਨਾ | ਚੀਨਾ | ਕਾਸ਼ਗਰ (ਯੂਟਿਊਬ ਵੇਖੋ) |




ਗੁਰਦੁਆਰਾ ਬਾਲ ਲੀਲਾ ਦੀ ਚੰਗੀ ਭਲੀ ਪੁਰਾਣੀ ਇਮਾਰਤ ਢਾਹ ਕੇ ਨਵੀਂ ਬਣ ਰਹੀ ਇਮਾਰਤ। ਇਥੇ ਗੁਰੂ ਸਾਹਿਬ ਨੇ ਬਚਪਨ ਵੇਲੇ ਖੇਡਦਿਆਂ ਬੱਚਿਆਂ ਨੂੰ ਭਾਂਤ ਭਾਂਤ ਦੀਆਂ ਮਿਠਾਈਆਂ ਖਵਾ ਦਿੱਤੀਆਂ ਸਨ ਅਤੇ ਹੋਰ ਅਨੇਕਾਂ ਕੌਤਕ ਕੀਤੇ। ਚੜਦੇ ਪਾਸੇ ਸਰੋਵਰ ਹੈ ਜਿਹੜਾ ਰਾਇ ਬੁਲਾਰ ਨੇ ਖੁਦਵਾਇਆ ਸੀ।

ਗੁਰੂ ਨਾਨਕ ਜੀ ਦਾਂ ਨਾਨਕਾ ਪਿੰਡ ਸੀ 'ਡੇਰਾ ਚਾਹਲ' ਜੋ ਅਜ ਕਲ੍ਹ ਲਹੌਰ ਸ਼ਹਿਰ ਵਿੱਚ ਹੀ ਆ ਗਇਆ ਹੈ। ਗੁਰੂ ਸਾਹਿਬ ਦੀ ਨਾਨੀ ਮਾਤਾ ਭਿਰਾਈ ਸੀ ਤੇ ਨਾਨਾ ਭਾਈ ਰਾਮਾ। ਚਾਹਲ ਪਿੰਡ ਵਿੱਚ ਅੱਜ ਵੀ ਗੁਰਦੁਆਰਾ ਬੇਬੇ ਨਾਨਕੀ ਮੌਜੂਦ ਹੈ।

ਜਦੋਂ ਗੁਰੂ ਨਾਨਕ ਦਾ ਜਨਮ ਹੋਇਆ ਹਿੰਦੁਸਤਾਨ ਦਾ ਬਾਦਸ਼ਾਹ ਬਹਿਲੋਲ ਲੋਧੀ (1451-1489 ਈ.) ਸੀ। ਯਾਦ ਰਹੇ ਲੋਧੀ ਖਾਨਦਾਨ ਦੇ ਬਾਦਸ਼ਾਹ ਬੜੇ ਫਿਰਕਾਪ੍ਰਸਤ ਗਿਣੇ ਗਏ ਹਨ ਜੋ ਗੈਰ-ਮੁਸਲਮਾਨਾਂ ਤੇ ਜੁਲਮ ਕਰਿਆ ਕਰਦੇ ਸਨ।

----◈----

## ਬਾਲਪਣ ਦੀਆਂ ਖੇਡਾਂ ਅਤੇ ਪਛਾਣੇ ਜਾਣਾਂ

ਬਾਬੇ ਨਾਨਕ ਦਾ ਬੱਚਿਆਂ ਨਾਲ ਖੇਡਣਾ ਮੱਲਣਾਂ ਮਸ਼ਹੂਰ ਹੈ। ਖੇਡ ਖੇਡ ਵਿੱਚ ਹੀ ਬੱਚਿਆਂ ਨਾਲ ਗਿਆਨ ਦੀਆਂ ਗੱਲਾਂ ਕਰਿਆ ਕਰਦਾ ਸੀ। ਬਾਬਾ ਬਚਪਨ ਵਿੱਚ ਹੀ ਸਾਥੀਆਂ ਵਾਸਤੇ ਸਾਧੂ ਮਹਾਤਮਾ ਸੀ। ਜਿਵੇ ਓਹਨੀ ਦਿਨੀਂ ਰਿਵਾਜ ਹੁੰਦਾ ਸੀ, ਸੋ ਜਦੋਂ ਬਾਲ ਤਿੰਨ ਸਾਲ ਦਾ ਹੋਇਆਂ ਤਾਂ ਨਾਨਕ ਦਾ ਭੱਦਣ (ਕੇਸ ਕੱਟਣ ਦੀ ਰਸਮ) ਕੀਤਾ ਗਿਆ। ਸਾਰੇ ਰਿਸਤੇ ਨਾਤੇ ਤੇ ਸ਼ਰੀਕਾ ਬਰਾਦਰੀ ਸੱਦੀ ਗਈ। ਵੱਡੀ ਖੁਸ਼ੀ ਕੀਤੀ ਗਈ। (ਅੱਗੇ ਤੁਸੀ ਪੜ੍ਹੋਗੇ ਕਿ ਕਿਵੇ ਬਾਦ ਵਿੱਚ ਗੁਰੂ ਸਾਹਿਬ ਸਾਬਤ ਸੂਰਤ ਸਾਧੂ ਫਕੀਰਾਂ ਵਾਲੇ ਭੇਸ ਵਿੱਚ ਰਹਿੰਦੇ ਸਨ ਅਤੇ ਕਰਤਾਰਪੁਰ ਪਹੁੰਚ ਕੇ ਗ੍ਰਿਸਤੀ ਬਾਣਾ ਅਖਤਿਆਰ ਕੀਤਾ।

ਪੰਜ ਸਾਲ ਦੀ ਉਮਰ ਤੱਕ ਪਹੁੰਚਦਿਆਂ ਪਹੁੰਚਦਿਆਂ ਬੱਚਿਆਂ ਨਾਲ ਕੀਤੀਆਂ ਗੱਲਾਂ ਬਾਤਾਂ ਤੋਂ ਪਿੰਡ ਵਿੱਚ ਮਸ਼ਹੂਰੀ ਹੋ ਚੁੱਕੀ ਸੀ ਕਿ ਇਹ ਬਾਲਕ ਸਾਧੂ ਰੂਪ ਹੈ। ਘਰੋਂ ਜੋ ਕੋਈ ਚੀਜ਼ ਵਸਤੂ ਬਾਹਰ ਲੈ ਕੇ ਜਾਣੀ, ਬਾਹਰ ਹੀ ਭੁੱਲ ਆਉਣੀ, ਗਵਾ ਦੇਣੀ ਜਾਂ ਦੂਸਰੇ ਬੱਚਿਆਂ ਨੂੰ ਦੇ ਦੇਣੀ। ਬਾਲਕ ਦੀ ਮਸ਼ਹੂਰੀ ਰਾਜਾ ਰਾਇ ਬੁਲਾਰ ਤੱਕ ਵੀ ਪਹੁੰਚ ਚੁੱਕੀ ਸੀ। ਗੁਰੂ ਜੀ ਨੇ ਮੁੱਖ ਰੂਪ ਵਿੱਚ ਨਿਰੰਕਾਰ ਦੇ ਭਾਣੇ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਸੀ ਪਰ ਬਚਪਣ ਵੇਲੇ ਸਹਿਜ ਸੁਭਾਅ ਕਦੀ ਚਮਤਕਾਰ ਹੋ ਜਾਂਦੇ ਸਨ।

ਇਕ ਵੇਰ ਬੱਚੇ ਮਿੱਟੀ ਨਾਲ ਖੇਡਦੇ ਹੋਏ ਵਾਹਵਾ ਲਿੱਬੜ ਗਏ। ਬੱਚੇ ਹਲਵਾਈ ਬਣੇ ਹੋਏ ਸਨ। ਮਿਟੀ ਗਾਰੇ ਦੀਆਂ ਵੱਖ ਵੱਖ ਮਿਠਾਈਆਂ ਦੇ ਨਮੂਨੇ ਬਣਾਏ ਹੋਏ ਸਨ। ਕਿਸੇ ਲੱਡੂ ਬਣਾਇਆ, ਕਿਸੇ ਬਰਫੀ, ਕਿਸੇ ਜਲੇਬੀ। ਕਿਹਾ ਜਾਂਦਾ ਕਿ ਫਿਰ ਬਾਬੇ ਨੇ ਬਾਲਾਂ ਨੂੰ ਹੁਕਮ ਕਰ ਦਿੱਤਾ ਕਿ ਹੁਣ ਇਹ ਖਾਓ। ਮਿੱਟੀ ਦੇ ਉਹ ਨਮੂਨੇ ਸੱਚ ਮੁੱਚ ਮਿਠਾਈਆਂ ਬਣ ਗਈਆਂ। ਜੋ ਬੱਚਿਆਂ ਸਵਾਦ ਨਾਲ ਖਾਧੀਆਂ। ਗੱਲ ਪਿੰਡ ਵਿੱਚ ਅੱਗ ਦੀ ਤਰਾਂ ਫੈਲ ਗਈ। ਨਨਕਾਣਾ ਸਾਹਿਬ ਜਿਸ ਥਾਂ ਤੇ ਇਹ ਚਮਤਕਾਰ ਹੋਇਆ ਸੀ ਓਥੇ ਅੱਜ ਗੁਰਦੁਆਰਾ ਬਾਲ ਲੀਲਾ ਸੁਭਾਇਮਾਨ ਹੈ।

ਬਾਦ ਵਿੱਚ ਰਾਇ ਬੁਲਾਰ ਨੇ ਗੁਰੂ ਨਾਨਕ ਦੇ ਕਹਿਣ ਤੇ ਫਿਰ ਓਥੇ ਡੂੰਘਾ ਟੋਭਾ (ਛੱਪੜ) ਖੁਦਵਾ ਦਿੱਤਾ। 18ਵੀ ਸਦੀ ਵਿੱਚ ਫਿਰ ਕੌੜਾ ਮਲ ਨੇ ਪੱਕਾ ਸਰੋਵਰ ਬਣਾ ਦਿੱਤਾ ਜਿਹੜਾ ਅੱਜ ਵੀ ਮੌਜੂਦ ਹੈ।

----◈----

## ਗੁਰੂ ਜੀ ਦੀ ਪੜ੍ਹਾਈ

ਉਸ ਜਮਾਨੇ ਵਿੱਚ ਅੱਜ ਵਾਲੀ ਸਕੂਲ ਪ੍ਰਨਾਲੀ ਨਹੀ ਸੀ ਹੁੰਦੀ। ਓਦੋ ਵੱਖ ਵੱਖ ਮਜਮੂਨਾਂ ਦੇ ਮਾਹਰ ਆਪਣੇ ਘਰੀਂ ਸਿਖਿਆ ਦਿੰਦੇ ਸਨ। ਕਿਤੇ ਕਿਤੇ ਬਾਦਸ਼ਾਹ ਵਲੋਂ ਓਨਾਂ ਨੂੰ ਮਾਇਕ ਮਦਦ ਆਉਦੀ ਸੀ। ● ਮਾਪੇ ਜਿਣਸ ਰੂਪ ਵਿੱਚ ਕੁਝ ਨਾਂ ਕੁਝ ਦਿੰਦੇ। ਮੰਦਰਾਂ ਦੇ ਨਾਲ ਅਕਸਰ ਪਾਠਸ਼ਾਲਾ ਹੁੰਦੀ ਸੀ ਜਿੱਥੇ ਪੰਡਤ ਵਿਦਿਆ ਪੜ੍ਹਾਉਂਦੇ ਸਨ। ਮੁਸਲਮਾਨਾਂ ਦੇ ਸਕੂਲ ਮਦਰਸੇ ਕਹਾਉਦੇ ਸਨ ਤੇ ਅਮੂਮਨ ਮਸੀਤ ਵਿੱਚ ਹੀ ਲੱਗਿਆ ਕਰਦੇ ਸਨ।

ਗੁਰੂ ਨਾਨਕ ਦੇ ਬਚਪਨ ਵੇਲੇ ਤਿੰਨ ਕਿਸਮ ਦੇ ਸਕੂਲ ਸਨ:

1.ਲੰਡੇ -ਜਿਥੇ ਪੰਜਾਬੀ ਦੀ ਮੁਢਲੀ ਮੁਹਾਰਨੀ, ਗਿਣਤੀ, ਪਹਾੜੇ ਤੇ ਜਮੀਨ ਦੀ ਮਿਣਤੀ, ਮੁੱਢਲਾ ਹਿਸਾਬ ਭਾਵ ਜੋੜ ਘਟਾਓ ਗੁਣਾ ਤਕਸੀਮ ਆਦਿ ਸਿਖਾਏ ਜਾਂਦੇ ਸਨ। ਪੜਾਈ ਦਾ ਮੀਡੀਅਮ ਲੰਡੇ ਹੁੰਦਾ ਸੀ। ਇਹ ਗੁਰਮੁਖੀ ਪੰਜਾਬੀ ਦਾ ਉਹ ਰੂਪ ਹੈ ਜਿਸ ਵਿੱਚ ਲਗਾ ਮਾਤਰਾਂ ਨਹੀ ਲਗਾਈਆਂ ਜਾਂਦੀਆਂ। ਅੱਜ ਵੀ ਕਿਤੇ ਕਿਤੇ ਮੁਨੀਮ ਲੋਕ ਲੰਡਿਆਂ ਵਿੱਚ ਵਪਾਰੀਆਂ ਦੇ ਖਾਤੇ ਵਹੀਆਂ ਲਿਖਦੇ ਹਨ। ਜਿਵੇ ਲੰਡਿਆਂ ਵਿੱਚ ਮੂਲ ਮੰਤਰ ਕੁਝ ਇਸ ਤਰਾਂ ਲਿਖਿਆ ਜਾਏਗਾ - ੧ਓ ਸਤਨਮ ਕਰਤ ਪਰਖ ਨਰਭਓ ਨਰਵਰ ਅਕਲ ਮਰਤ ਅਜਨ ਸ ਗਰਪਰਸਦ।

2.ਸੰਸਕ੍ਰਿਤ ਦੇ ਸ਼ਾਸਤਰਾਂ ਦੀ ਪੜ੍ਹਾਈ - ਇਹ ਸ਼ਾਰਦਾ

ਪੈੜ ਸੂਚਾ

● ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਪੜ੍ਹਾਈ ਦੀ ਇਹੋ ਪ੍ਰਣਾਲੀ ਪੰਜਾਬ ਵਿਚ ਜਾਰੀ ਸੀ। ਇਕ ਅੰਗਰੇਜ ਸਿਖਿਆ ਸ਼ਾਸਤਰੀ ਗਾਟਲੀ ਵਿਲਹੈਮ ਲੀਟਨਰ ਨੇ ਆਪਣੀ ਕਿਤਾਬ History of indigenous education in the Panjab : since annexation and in 1882 / by G. W. Leitner ਪੰਜਾਬ ਵਿਚ ਪਾਠਸ਼ਾਲਾਵਾਂ ਅਤੇ ਮਦਰੱਸਿਆਂ ਦੀ ਗਿਣਤੀ ਅਤੇ ਪੜ੍ਹ ਰਹੇ ਵਿਦਿਆਰਥੀਆਂ ਦੀ ਕੁਲ ਗਿਣਤੀ ਦੇ ਕੇ ਦਾਵਾ ਕੀਤਾ ਸੀ ਕਿ ਪੰਜਾਬ ਵਿਚ ਜਿੰਨੀਆ ਕੁੜੀਆਂ ਪੜਾਈਆਂ ਜਾ ਰਹੀਆਂ ਸਨ ਉਹ ਪ੍ਰਤੀਸ਼ਤ ਇੰਗਲੈਂਡ ਨਾਲੋ ਵੀ ਜਿਆਦਾ ਸੀ। ਅੰਗਰੇਜਾਂ ਨੇ ਸਭ ਤੋਂ ਪਹਿਲਾਂ ਪੰਜਾਬ ਦੀ ਪੜਾਈ ਦੀ ਪ੍ਰਨਾਲੀ ਬਦਲੀ ਸੀ। ਇਸ ਗਲ ਨੂੰ ਵਿਸਥਾਰ ਵਿਚ ਇੰਟਰਨੈਟ ਤੋਂ ਪੜਿਆ ਜਾ ਸਕਦਾ ਹੈ।

(ਗੁਰਮੁਖੀ ਦਾ ਪਹਿਲਾ ਸਰੂਪ) ਟਾਕਰੀ ਜਾਂ ਦੇਵਨਾਗਰੀ ਤੇ ਵਿੱਚ ਹੁੰਦੀ ਸੀ। ਇਸ ਕੋਰਸ ਵਿੱਚ ਵੇਦ ਸ਼ਾਸਤਰ, ਜੋਤਿਸ਼ ਆਦਿ ਪੜ੍ਹਾਇਆ ਜਾਂਦਾ ਸੀ।

3.ਫਾਰਸੀ ਦੀ ਪੜ੍ਹਾਈ- ਇਸ ਵਿੱਚ ਸ਼ਾਹਮੁਖੀ (ਅੱਜ ਕਲ੍ਹ ਦੇ ਉਰਦੂ ਦੀ ਲਿਪੀ) ਸਿਖਾਈ ਜਾਂਦੀ ਸੀ। ਮਾਧਿਅਮ ਫਾਰਸੀ ਹੁੰਦਾ ਸੀ। ਕੁਰਾਨਖਾਨੀ, ਭੂਗੋਲ, ਇਤਹਾਸ, ਹਿਸਾਬ ਆਦਿ ਪੜ੍ਹਾਇਆ ਜਾਂਦਾ ਸੀ। ਧਿਆਨ ਰਹੇ ਪੰਜਾਬ ਦੇ ਗੁਆਂਢ ਵਿੱਚ ਇਕ ਪਾਸੇ ਫਾਰਸੀ ਤੇ ਦੂਸਰੇ ਪਾਸੇ ਸੰਸਕ੍ਰਿਤ ਸੀ।



ਪਿਤਾ ਜੀ ਬਾਬਾ ਨਾਨਕ ਨੂੰ ਸਕੂਲ ਦਾਖਲ ਕਰਾਉਣ ਸਮੇਂ- ਬੀ:40

----◈----

## ਕੀ ਗੁਰੂ ਗੁਰੂ ਸਾਹਿਬ ਪੜੇ ਲਿਖੇ ਨਹੀ ਸਨ?

ਅੰਗਰੇਜ ਲਿਖਾਰੀ ਮੈਕਾਲਿਫ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਪੁਰਾਣੀਆਂ ਜਨਮਸਾਖੀਆਂ ਲਿਖਣ ਵਾਲਿਆਂ ਫੜਾਂ ਮਾਰੀਆਂ ਹੋਈਆਂ ਨੇ ਕਿ ਗੁਰੂ ਸਾਹਿਬ ਨੂੰ ਸਕੂਲ ਭੇਜਿਆ ਗਇਆ ਪਰ ਉਹ ਤਾਂ ਪਾਂਧੇ ਨੂੰ ਪੜ੍ਹਾ ਵਾਪਸ ਘਰ ਪਰਤ ਆਇਆ। ਭਾਵ ਗੁਰੂ ਸਾਹਿਬ ਪੜ੍ਹੇ ਨਹੀ ਸਨ। ਨਿਰਾ ਇਨਾਂ ਹੀ ਨਹੀ ਆਰੀਆ ਸਮਾਜੀਆਂ ਦੇ ਮੁੱਖੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਅਨਪੜ੍ਹ ਸਨ। ਜਦੋਂ ਕਿ ਸਚਾਈ ਇਹ ਹੈ ਗੁਰੂ ਸਾਹਿਬ ਨੇ ਇਲਾਕੇ ਵਿੱਚ ਮਿਲਦੀ ਹਰ ਤਾਲੀਮ ਹਾਸਲ ਕੀਤੀ ਸੀ। ਮੈਕਾਲਿਫ ਨੇ ਇਸ ਬਾਬਤ ਲਿਖਿਆ ਹੈ ਕਿ:

1. ਵੇਖੋ ਜਨਮ ਸਾਖੀਆਂ ਵਾਲੇ ਆਪ ਹੀ ਮੰਨਦੇ ਹਨ ਕਿ ਇਲਾਕੇ ਵਿੱਚ ਜਿੱਥੇ ਕਿਤੇ ਵੀ ਸਾਧੂ ਸੰਤ ਆਉਦੇ ਸਨ ਬਾਲਕ ਨਾਨਕ ਪੁੱਜ ਕੇ ਉਨਾਂ ਨੂੰ ਸੁੱਣਨ ਜਾਂਦਾ ਸੀ। ਕਹਿਣ ਤੋਂ ਮਤਲਬ ਕਿ ਬਾਲਕ ਵਿੱਚ ਗਿਆਨ ਹਾਸਲ ਕਰਨ ਦੀ ਵੱਡੀ ਜਗਿਆਸਾ ਸੀ।

2. ਵੇਖੋ ਫਿਰ ਗੁਰੂ ਸਾਹਿਬ ਨੇ ਗੁਰਮੁਖੀ ਦੀ ਜਿਹੜੀ ਪੈਂਤੀ ਲਿਖੀ ਹੈ ਕੀ ਉਹ ਸਕੂਲ ਗਏ ਬਗੈਰ ਹੀ ਬਣਾ ਦਿੱਤੀ? ਫਿਰ ਉਨਾਂ ਦੀਆਂ ਫਾਰਸੀ ਤੇ ਸੰਸਕ੍ਰਿਤ ਵਿੱਚ ਵੀ ਰਚਨਾਵਾਂ ਹਨ।

3. ਖੁੱਦ ਜਨਮਸਾਖੀਆਂ ਵਿੱਚ ਹੀ ਆਇਆ ਹੈ ਕਿ 7 ਸਾਲ ਦੀ ਉਮਰ ਵਿੱਚ ਬਾਲਕ ਪੰਡਤ ਗੋਪਾਲ ਦਾਸ ਦੇ ਸਕੂਲ ਗਿਆ। ਫਿਰ 9 ਸਾਲ ਦੀ ਉਮਰ ਵਿੱਚ ਪੰਡਤ ਬ੍ਰਿਜ ਲਾਲ ਕੋਲ ਸੰਸਕ੍ਰਿਤ ਪੜ੍ਹੀ ਤੇ ਹਿੰਦੂ ਸ਼ਾਸਤਰਾਂ ਦਾ ਗਿਆਨ ਹਾਸਲ ਕੀਤਾ ਤੇ ਫਿਰ 13 ਸਾਲ ਦੀ ਉਮਰ ਵਿੱਚ ਮੌਲਵੀ ਕੁਤਬੁਦੀਨ ਦੇ ਫਾਰਸੀ ਸਕੂਲ ਵਿੱਚ ਦਾਖਲ ਹੋਏ। ਜੇ ਭਲਾ ਉਨਾਂ ਪੜ੍ਹਨ ਤੋਂ ਇਨਕਾਰ ਕੀਤਾ ਹੁੰਦਾ ਤਾਂ ਸਾਰੀ ਸਕੂਲੀ ਵਿਦਿਆ ਤੋਂ ਕਰਨਾਂ ਸੀ। ਉਹ ਤਾਂ ਬਕਾਇਦਾ ਇਕ ਸਕੂਲ ਤੋਂ ਦੂਸਰੇ ਸਕੂਲ ਵਿੱਚ ਜਾਂਦੇ ਨੇ। ਫਰਕ ਸਿਰਫ ਏਨਾਂ ਹੈ ਕਿ ਕਰਤੇ ਦੀ ਖੇਡ ਨੂੰ ਸਮਝਣ ਵਾਲੇ ਦੀ ਸਪੀਡ ਵਧ ਜਾਂਦੀ ਹੈ। ਉਹ ਛੇਤੀ ਗੱਲ ਸਮਝ ਜਾਂਦਾ ਹੈ: "ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ "

4. ਖੁਦ ਸਾਹਿਬ ਦੀ ਬਾਣੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਗੁਰੂ ਸਾਹਿਬ ਪੁੱਜ ਕੇ ਵਿੱਚਾਰ ਵਿਟਾਂਦਰਾ ਕਰਨ ਵਿੱਚ ਭਾਗ ਲੈਂਦੇ ਸਨ। ਸਗੋਂ ਉਨਾਂ ਦਾ ਸਾਰਾ ਜੀਵਨ ਹੀ ਆਪ ਥਾਂਈ ਥਾਂਈ ਪੁੱਜ ਕੇ ਚਰਚਾ ਵਿੱਚ ਜਾਂਦਾ ਹੈ। ਇਨਾਂ ਹੀ ਨਹੀ ਉਨਾਂ ਆਪਣੇ ਸਿੱਖਾਂ ਨੂੰ ਸਿਧਾਂਤ ਹੀ ਦੇ ਦਿੱਤਾ:- "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥ "

5. ਗੁਰੂ ਗ੍ਰੰਥ ਸਾਹਿਬ ਵਿੱਚ 976 ਰਚਨਾਵਾਂ ਗੁਰੂ ਨਾਨਕ ਸਾਹਿਬ ਦੀਆਂ ਹਨ। ਜਿਸ ਵਿੱਚ ਉਨਾਂ ਨੇ ਪੰਜਾਬੀ, ਹਿੰਦੀ ਤੇ ਫਾਰਸੀ ਦੇ ਭੰਡਾਰ ਦਾ ਖੁੱਲ ਕੇ ਉਪਯੋਗ ਕੀਤਾ ਹੈ। ਉਨਾਂ ਦੀਆਂ ਕਈ ਤੁੱਕਾਂ ਤਾਂ ਸਾਰੇ ਅਣਵੰਡੇ ਪੰਜਾਬ ਵਿੱਚ ਮੁਹਾਵਰੇ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ, ਜਿਵੇ: "ਨਾਨਕ ਦੁਖੀਆ ਸਭ ਸੰਸਾਰ। " "ਨਾਨਕ ਨਾਮ ਚੜ੍ਹਦੀ ਕਲ੍ਹਾ। " ਆਦਿ।

----◈----

## ਬਾਬੇ ਨੇ ਪਾਂਧੇ ਨੂੰ ਪੜ੍ਹਨੇ ਪਾਇਆ

ਜਨਮ ਸਾਖੀਆਂ 'ਚ ਆਉਦਾ ਹੈ ਕਿ ਰਸਮਾਂ ਰੀਤਾਂ ਸਦਕਾ ਬਾਲਕ ਨਾਨਕ ਨੂੰ ਪੰਡਤ ਗੋਪਾਲ ਦਾਸ ਦੀ ਪਾਠਸ਼ਾਲਾ ਵਿੱਚ 7 ਸਾਲ ਦੀ ਉਮਰੇ 7 ਮੱਘਰ ਸੰਮਤ 1533 ਨੂੰ ਪੜ੍ਹਨੇ ਪਾਇਆ ਗਿਆ। ਪੰਡਤ ਦੀ ਦੱਖਣਾਂ ਵਿੱਚ ਪਿਤਾ ਕਾਲੂ ਨੇ ਰਿਵਾਜ ਅਨੁਸਾਰ ਕੇਸਰ, ਸੁਪਾਰੀ, ਚਾਵਲ ਤੇ ਕੁਝ ਨਗਦੀ ਦਿੱਤੀ।

ਪੜਾਈ ਦੀ ਸ਼ੁਰੂਆਤ ਮਹਾਜਨੀ ਲੰਡਿਆਂ ਦੀ ਮੁਹਾਰਨੀ ਤੋਂ ਹੋਈ ਜਿਵੇ ਅੱਜ ਕਲ੍ਹ ਬੱਚੇ ਕੱਕਾ ਕਬੂਤਰ, ਖੱਖਾ ਖਰਗੋਸ਼ ਪੜ੍ਹਦੇ ਨੇ। ਓਦੋਂ ਹੁੰਦੀ ਸੀ: "ਸਿੱਧੋਙਾਂਇਆ ਬੈਰਾਖੜੀ'- ਕਵਿਤਾ ਵਿੱਚ ਹੁੰਦੀ ਸੀ ਜਿਸ ਵਿੱਚ "ਓਨਮ: ਸਿਧਮ। ਅਯੋ ਅੰਙੇ ਰੀ ਰੀ ਲੱਲੀ ਸਿੱਧੋਙਾਂਇਆ।" (ਗੁਰੂ ਅਮਰਦਾਸ ਪਾਤਸ਼ਾਹ ਦੀ ਇਸ ਲੰਡੇ ਮੁਹਾਰਨੀ ਦੇ ਅਧਾਰ ਤੇ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। "ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ ॥ ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥੧॥ ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥ ਸਿਧੰਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ॥"

ਜਨਮ ਸਾਖੀਆਂ ਤੋਂ ਇਹੋ ਲਗਦਾ ਹੈ ਕਿ ਬਾਲਕ ਨਾਨਕ ਨੇ ਦੋ ਸਾਲ ਇਸ ਮੁੱਢਲੀ ਸੰਸਾਰਕ ਪੜ੍ਹਾਈ ਤੇ ਲਾਏ। ਹੁਣ ਤੱਕ ਪਾਂਧੇ ਨੂੰ ਸਮਝ ਆ ਚੁੱਕੀ ਸੀ ਕਿ ਨਾਨਕ ਕੋਈ ਰੂਹਾਨੀ ਸ਼ਖਸੀਅਤ ਹੈ।

ਸਾਖੀਆਂ ਤੋਂ ਪਤਾ ਲਗਦਾ ਹੈ ਕਿ ਜਦੋਂ ਬਾਲਕ ਨੂੰ ਕਿਹਾ

ਗਇਆ ਕਿ ਪੜ੍ਹਾਈ ਤੇ ਮੰਨ ਲਾਓ ਤਾਂ ਨਾਨਕ ਨੇ ਉਸ ਹਿਸਾਬ ਕਿਤਾਬ ਵਾਲੀ ਵਿਦਿਆ ਨੂੰ ਕਿਹਾ ਕਿ ਇਹੀ ਸਭ ਕੁਝ ਨਹੀ। ਮਨੁਖ ਦੇ ਉਧਾਰ ਦੇ ਸਬੰਧ ਵਿੱਚ ਤਾਂ ਇਹ ਵਿਅੱਰਥ ਹੈ। ਪਾਂਧੇ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਵਿਦਿਆ ਕਰਕੇ ਹੀ ਵੱਡੇ ਵੱਡੇ ਅਹੁਦੇ ਮਿਲਦੇ ਹਨ, ਇਸ ਤੋਂ ਰੁਜਗਾਰ ਵੀ ਚਲਦਾ ਹੈ, ਆਦਿ ਆਦਿ। ਪਾਂਧੇ ਨੇ ਕਿਹਾ ਰੱਬ ਦੇ ਭਗਤ ਭੁੱਖੇ ਮਰਦੇ ਨੇ। ਕੋਈ ਨਹੀ ਓਨਾਂ ਨੂੰ ਜਾਣਦਾ। ਫਿਰ ਜਿੰਨਾਂ ਨੂੰ ਰੱਬ ਦਾ ਚਿੱਤ ਚੇਤਾ ਵੀ ਨਹੀ ਹੁੰਦਾ ਪਾਤਸ਼ਾਂਹੀਆਂ ਕਰਦੇ ਨੇ, ਐਸ਼ ਲੈਂਦੇ ਨੇ।

ਗੁਰੂ ਸਾਹਿਬ ਨੇ ਫਿਰ ਪਾਂਧੇ ਨੂੰ ਸਮਝਾਇਆਂ ਕਿ ਅਜਿਹੇ ਅਹੁਦਿਆਂ ਦਾ ਕੀ ਫਾਇਦਾ ਜਿਸ ਕਰਕੇ ਮੰਨ ਤੇ ਪਾਪਾਂ ਦਾ ਭਾਰ ਹੋਵੇ ਤੇ ਅੰਤ ਵੇਲੇ ਪਛਤਾਉਣਾ ਪਵੇ। ਪਾਂਧੇ ਨੇ ਫਿਰ ਸਵਾਲ ਕਰ ਦਿੱਤਾ ਕਿ ਰੱਬ ਰੱਬ ਕਰਨ ਨਾਲ ਰੋਟੀ ਨਹੀ ਮਿਲਦੀ। ਲਗਦਾ ਹੈ ਫਿਰ ਗੁਰੂ ਸਾਹਿਬ ਨੇ 'ਹੁਕਮ/ਰਜਾ' ਵਾਲੀ ਸਾਰੀ ਗੱਲ ਪਾਂਧੇ ਨੂੰ ਸਮਝਾਈ ਹੋਵੇਗੀ। ਨਾਮ ਜੱਪਣ ਜਾਂ ਰੱਬ ਦੀ ਹੋਂਦ ਨੂੰ ਦਿਲ ਵਿੱਚ ਰੱਖਣ ਦੇ ਫਾਇਦੇ ਗਿਣਾਏ ਹੋਣਗੇ ਕਿ:-



ਜਿਥੇ ਪਾਂਧਾ ਗੋਪਾਲ ਦਾਸ ਦੀ ਪਾਠਸ਼ਾਲਾ ਸੀ ਓਥੇ ਅੱਜ ਮੌਜੂਦ ਹੈ, ਗੁਰਦੁਆਰਾ ਪੱਟੀ ਸਾਹਿਬ।

1.ਕਿ ਹੁਕਮ ਦੀ ਸਮਝ ਆ ਜਾਣ ਤੇ ਬੰਦੇ ਨੂੰ ਹਊਮੇ ਦੀ ਕਾਰਸੈਤਾਨੀ ਸਮਝ ਆ ਜਾਂਦੀ ਹੈ

2.ਸਭ ਤੋਂ ਵੱਡਾ ਫਾਇਦਾ ਕਿ ਸਾਨੂੰ ਦੁੱਖਾਂ ਤਕਲੀਫਾਂ ਤੋਂ ਮੁਕਤੀ ਮਿਲ ਜਾਂਦੀ ਹੈ। ਮੰਨ ਤੇ ਹਮੇਸ਼ਾਂ ਖੇੜਾ ਰਹਿੰਦਾ ਹੈ।

3.ਕੁਦਰਤੀ ਦੇ ਖੇਡ ਦੇ ਰਾਜ ਸਾਡੇ ਸਾਹਮਣੇ ਖੁੱਲ ਜਾਂਦੇ ਹਨ: ਧਰਤੀ ਅਕਾਸ, ਦੀਪ ਲੋਅ ਪਤਾਲ ਸਮਝ ਆ ਜਾਂਦੀ ਹੈ। ਸਾਰੇ ਭਵਨਾਂ ਦਾ ਗਿਆਨ ਹੋ ਜਾਂਦਾ ਹੈ।

4.ਸਿੱਧਾਂ, ਪੀਰਾਂ, ਅਵਤਾਰਾਂ ਦੇ ਹੋਣ ਦਾ ਰਾਜ ਸਾਡੇ ਸਾਹਮਣੇ ਖੁੱਲ ਜਾਂਦਾ ਹੈ।

5.ਸਰੀਰ ਦੇ ਭੇਦ ਵੀ ਸਾਨੂੰ ਸਮਝ ਆ ਜਾਂਦੇ ਨੇ।

6.ਸਾਨੂੰ ਸਬਰ ਸੰਤੋਖ ਮਿਲ ਜਾਂਦਾ ਹੈ । ਮੰਨ ਦੀ ਤੜਫ ਮੁੱਕ ਜਾਂਦੀ ਹੈ।

7.ਹੁਣ ਤੱਕ ਹਾਸਲ ਹੋਏ ਮਨੁੱਖੀ ਗਿਆਨ ਦੀ ਜੜ੍ਹ ਸਾਨੂੰ ਹਾਸਲ ਹੋ ਜਾਂਦੀ ਹੈ ਚਾਹੇ ਉਹ ਵੇਦ ਸ਼ਾਸਤਰ ਹੋਣ ਜਾਂ ਕੁਰਾਨ ਜਾਂ ਸ਼ਰਾਅ ਦੀ ਗੱਲ ਹੋਵੇ।

8.ਬੰਦੇ ਦੀ ਸਭ ਥਾਂਈ ਸਮਾਜ ਵਿੱਚ ਇੱਜਤ ਹੁੰਦੀ ਹੈ।

9.ਉਹਨੂੰ ਕੰਮ ਵਿੱਚ ਮੁਸ਼ਕਲਾਂ ਨਹੀ ਆਉਦੀਆਂ। ਉਹਦੇ ਰਸਤੇ ਵਿੱਚ ਰੁਕਾਵਟਾਂ ਮੁੱਕ ਜਾਂਦੀਆ ਨੇ।

10.ਉਹ ਸੱਚ ਦੇ ਰਾਹ ਤੇ ਚਲਦਾ ਹੈ। ਇਤਆਦਿ।

ਪਾਂਧੇ ਨੇ ਫਿਰ ਇਕ ਦਿਨ ਜਦੋਂ ਲਿਖਣ ਪੜ੍ਹਨ ਦੀ ਗੱਲ ਕੀਤੀ ਤਾਂ ਗੁਰੂ ਸਾਹਿਬ ਨੇ ਸਮਝਾਇਆ ਕਿ ਜੇ ਲਿਖਣਾ ਹੈ ਤਾਂ ਨਾਮ ਭਾਵ ਰੱਬ ਦੀ ਸਿਫਤ ਸਾਲਾਹ ਹੀ ਲਿਖੋ। ਬਾਕੀ ਸਭ ਫਜ਼ੂਲ ਹੈ। ਜਨਮ ਸਾਖੀਆਂ ਵਿੱਚ ਆਉਦਾ ਹੈ ਕਿ ਹੇਠ ਲਿਖਿਆ ਸ਼ਬਦ ਵੀ ਓਦੋਂ ਪਾਂਧੇ ਦੇ ਪ੍ਰਥਾਇ ਹੀ ਉਚਾਰਿਆ:

ਸਿਰੀਰਾਗੁ ਮਹਲੁ ੧ ॥ ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥ ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥ ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥ ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥ (ਸ.ਗ.ਗ.ਸ -ਅੰਗ 16)

ਮਤਲਬ (ਸੰਖੇਪ ਵਿੱਚ) ਬੰਦਿਆ ਆਪਣਾ ਮੋਹ ਸਾੜ ਕੇ ਇਹਦੀ ਸਵਾਹ ਦੀ ਸਿਆਹੀ ਬਣਾ। ਆਪਣੀ ਸੋਚ ਦੇ ਕਾਗਜ ਉਤੇ ਪਿਆਰ ਰੂਪੀ ਕਲਮ ਨਾਲ ਉਸ ਪ੍ਰਮਾਤਮਾ ਦੀ ਸਿਫਤ ਸਲਾਹ ਲਿਖਣੀ ਸ਼ੁਰੂ ਕਰ ਦੇ। ਜਿੱਥੇ ਰੱਬ ਦੀਆਂ ਸਿਫਤਾਂ ਚਲਦੀਆਂ ਓਥੇ ਸਦਾ ਖੁਸ਼ੀ ਤੇ ਖੇੜਾ ਰਹਿੰਦਾ ਹੈ। ਉਹ ਸਮਾਜ ਵਿੱਚ ਸਤਿਕਾਰੇ ਜਾਂਦੇ ਹਨ। ਨਾਮ ਵਿਹੂਣੇ ਖੇਹ 'ਚ ਰਲਦੇ ਵੇਖੇ ਨੇ ਚਾਹੇ ਉਹ ਬਾਦਸ਼ਾਹ ਜਾਂ ਭਾਵੇ ਹੋਰ ਅਹੁਦੇਦਾਰ ਵੀ ਹੋਣ।

ਸੋ ਅਜਿਹੀ ਗੱਲ ਬਾਤ ਪਾਂਧੇ ਨਾਲ ਚਲਦੀ ਰਹਿੰਦੀ ਸੀ, ਬਾਲਕ ਦੀ। ਗੁਰੂ ਰਾਮਦਾਸ ਪਾਤਸ਼ਾਹ ਦੇ ਪੋਤਰੇ ਸੋਢੀ ਮਿਹਰਬਾਨ ਨੇ ਲਿਖਿਆ ਹੈ ਕਿ ਬਾਲਕ ਨਾਨਕ ਦੀ ਸਭ ਥਾਂਈ ਮਸ਼ਹੂਰੀ ਹੋ ਗਈ ਸੀ ਕਿ ਬਾਲਕ ਦਾ ਦਿਮਾਗ ਅੱਤ ਦਾ ਤੇਜ ਸੀ ਕਿ ਅਧਿਆਪਕ ਨੂੰ ਇਕ ਵੇਰ ਦਾ ਦਿੱਤਾ ਸਬਕ ਦੁਹਰਾਉਣਾ ਨਹੀ ਸੀ ਪੈਂਦਾ। ਸਕੂਲ ਦੇ ਦਿਨਾਂ ਵਿੱਚ ਹੀ ਗੁਰੂ ਸਾਹਿਬ ਨੇ ਫਿਰ ਪੰਜਾਬੀ ਦੀ ਮੁਹਾਰਨੀ ਤੇ ਗੁਰਬਾਣੀ ਰਚੀ। ਜੋ ਗੁਰੂ ਗ੍ਰੰਥ ਸਾਹਿਬ 'ਪਟੀ ਲਿਖੀ' ਦੇ ਸਿਰਲੇਖ ਹੇਠ ਅੰਗ 432 ਤੇ ਦਰਜ ਹੈ। ਇਸ ਮੁਹਾਰਨੀ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਪੰਜਾਬੀ ਦੀ ਪੈਂਤੀ ਗੁਰੂ ਸਾਹਿਬ ਦੇ ਵੇਲੇ ਨਿਰਾ ਮੌਜੂਦ ਹੀ ਨਹੀ ਸੀ ਪੜ੍ਹਾਈ ਵੀ ਜਾਂਦੀ ਸੀ। ਪੈਂਤੀ ਦਿੱਤੀ ਵੀ ਫਿਰ ਪੰਜਾਬੀ ਲਹਿਜੇ ਵਿੱਚ ਹੈ: ਭਾਵ ਕੱਕਾ, ਖੱਖਾ, ਗੱਗਾ। ਜੇ ਗੁਰੂ ਸਾਹਿਬ ਦੀ ਮੁਢਲੀ ਪੜ੍ਹਾਈ ਹਿੰਦੀ ਵਿੱਚ ਹੁੰਦੀ ਤਾਂ ਇਹ ਲਹਿਜਾ ਹੋਣਾ ਸੀ: ਕਾ, ਖਾ, ਗਾ ਵਾਲਾ। ਫਿਰ ਗੁਰਮੁਖੀ ਦਾ ਖਾਸ ਅੱਖਰ 'ੜ' ਵੀ ਦਿੱਤਾ। ਜੋ ਹਿੰਦੀ ਦੀ ਦੇਵਨਾਗਰੀ ਵਿੱਚ ਨਹੀ ਹੈ। ਇਹ ਵੀ ਸਾਬਤ ਹੁੰਦਾ ਹੈ ਗੁਰੂ ਅੰਗਦ ਦੇਵ ਨੇ ਲਿਪੀ ਨੂੰ ਗੁਰਸਿੱਖ ਸਾਹਿਤ ਲਈ

ਪ੍ਰਵਾਨਗੀ ਦਿੱਤੀ ਤੇ ਪੂਰੀ ਤਰਾਂ ਵਿਕਸਤ ਕਰ ਦਿੱਤਾ। ਮੁਹਾਰਨੀ ਦਾ ਨਮੂਨਾ ਇਸ ਤਰਾਂ ਹੈ:-

**ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥੧੧॥ ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥ ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥**

ਇਤਹਾਸ ਤੋਂ ਪਤਾ ਚਲਦਾ ਹੈ ਕਿ ਪਾਂਧਾ ਗੋਪਾਲ ਦਾਸ ਬਾਲਕ ਨਾਨਕ ਤੋਂ ਨਿਰਾ ਪ੍ਰਭਾਵਤ ਹੀ ਨਹੀ ਸੀ ਹੋਇਆਂ ਸਗੋਂ ਮੁਰੀਦ ਬਣ ਚੁੱਕਾ ਸੀ। ਪ੍ਰਸਿਧ ਅੰਗਰੇਜੀ ਲਿਖਾਰੀ ਡੰਕਨ ਗਰੀਨਲੀਸ ਨੇ ਲਿਖਿਆ ਹੈ ਕਿ ਨਾਨਕ ਜਿਹੇ ਵਿਦਿਆਰਥੀ ਅਧਿਆਪਕਾਂ ਵਾਸਤੇ ਬੜੀ ਮੁਸੀਬਤ ਹੁੰਦੇ ਹਨ। ਇਕ ਤਾਂ ਉਹ ਰੋਸ਼ਨ ਬੁੱਧ ਹੋਣ ਕਰਕੇ ਹਰ ਗੱਲ ਇਕ ਵਾਰ ਸੁਣਨ ਤੇ ਯਾਦ ਕਰ ਲੈਂਦੇ ਹਨ ਤੇ ਦੂਸਰਾ ਸਵਾਲ ਬੜੇ ਕਰਦੇ ਹਨ। ਉਹ ਲਕੀਰ ਦੇ ਫਕੀਰ ਨਹੀ ਹੁੰਦੇ। ਪੰਡਤ ਗੋਪਾਲ ਦਾਸ ਦੇ ਸਕੂਲ ਦਾ ਸਾਰਾ ਸਲੇਬਸ ਬਾਬਾ ਜੀ ਨੇ ਦੋ ਸਾਲ ਵਿੱਚ ਪੂਰਾ ਕਰ ਲਿਆ ਅਤੇ ਫਿਰ ਅਗਲੇ ਸਕੂਲ ਵਿੱਚ ਪਹੁੰਚ ਗਿਆ। ਜਨਮ ਸਾਖੀਆਂ ਤੋਂ ਇਹ ਅੰਦਾਜ਼ਾ ਵੀ ਲਗਦਾ ਹੈ ਕਿ ਗੁਰੂ ਸਾਹਿਬ ਆਪਣੇ ਅਧਿਆਪਕ ਨੂੰ ਕਹਿ ਦਿਆ ਕਰਦੇ ਸਨ ਕਿ "ਇਹ ਗੱਲ ਤਾਂ ਤੁਸੀ ਪਹਿਲਾਂ ਹੀ ਦੱਸ ਚੁੱਕੇ ਹੋ ਕੋਈ ਹੋਰ ਦੱਸੋ। "

ਓਨੀ ਦਿਨੀ ਪਿਤਾ ਕਾਲੂ ਦੀ ਫਿਰ ਪੰਡਤ ਹਰਦਿਆਲ ਨਾਲ ਮੁਲਾਕਾਤ ਹੋਈ। ਪੰਡਤ ਜੀ ਬਾਲਕ ਦੀ ਪ੍ਰਿਤਭਾ ਦੀ ਪਿੰਡ ਵਿੱਚ ਚਰਚਾ ਸੁਣ ਚੁੱਕੇ ਸਨ। ਮਹਿਤਾ ਕਾਲੂ ਨੇ ਪੰਡਤ ਨੂੰ ਉਲਾਹਮਾ ਦਿੱਤਾ ਕਿ,

‘‘ਪੰਡਤ ਜੀ ਤੁਸੀ ਚੰਗਾ ਟੇਵਾ ਲਾਇਆ? ਤੁਸੀ ਤਾਂ ਕਹਿੰਦੇ ਸੀ ਨਾਨਕ ਦੇ ਸਿਰ ਤੇ ਕਿਸੇ ਵੇਲੇ ਛੱਤ੍ਰ ਝੁੱਲੇਗਾ। ਆਹ ਚੰਗਾ ਛਤ੍ਰ ਝੁੱਲਣ ਦੇ ਲੱਛਣ ਨੇ। ਨਾਂ ਇਹਨੂੰ ਖਾਣ ਦੀ ਪ੍ਰਵਾਹ ਨਾਂ ਪਾਉਣ ਦੀ। ਘਰੋ ਜੋ ਵੀ ਚੀਜ਼ ਲੈ ਕੇ ਜਾਂਦਾ ਸਭ ਗਵਾ ਗਦਰਾਅ ਆਉਂਦੈ ਜਾਂ ਫਿਰ ਵੰਡ ਤ੍ਰੰਡ ਦਿੰਦੈ। ਇੰਨੂ ਸੰਗਤ ਹੀ ਸਾਧੂ ਸੰਤਾਂ ਦੀ ਚੰਗੀ ਲਗਦੀ ਹੈ। ਫਕੀਰਾਂ ਕੋਲ ਹੀ ਢੁੱਕ ਢੁੱਕ ਬਹਿੰਦੈ।’’

ਜਨਮ ਸਾਖੀਆਂ ਅਨੁਸਾਰ ਪੰਡਤ ਹਰਦਿਆਲ ਨੇ ਕਿਹਾ ਕਿ, ‘‘ਕਾਲੂ ਤੇਰੇ ਕੋਲ ਨਾਨਕ ਨੂੰ ਵੇਖਣ ਵਾਲੀ ਅੱਖ ਨਹੀ। ਤੈਨੂੰ ਨਹੀ ਅਹਿਸਾਸ ਕਿ ਤੇਰੇ ਘਰ ਕਿਸੇ ਮਹਾਨ ਸ਼ਖਸੀਅਤ ਨੇ ਜਨਮ ਲਿਆ ਹੈ।’’

----◆----

## ਬਾਲਕ ਨਾਨਕ ਦਾਖਲ ਹੋਇਆ ਪੰਡਤ ਬ੍ਰਿਜ ਦਾਸ ਦੇ ਸਕੂਲ ਵਿਚ

ਇਸ ਸਕੂਲ ਤੋਂ ਬਾਬੇ ਨੇ 4 ਸਾਲ ਸੰਸਕ੍ਰਿਤ ਤੇ ਹਿੰਦੂ ਧਾਰਮਿਕ ਸਾਹਿਤ ਪੜ੍ਹਿਆ। ਉੱਚੀ ਰੂਹਾਨੀ ਅਵਸਥਾ ਦੇ ਕਾਰਨ ਜਦੋਂ ਗੁਰੂ ਸਾਹਿਬ ਗ੍ਰੰਥਾਂ ਦਾ ਅਰਥ ਕਰਦੇ ਸਨ ਤਾਂ ਪੰਡਤ ਹੈਰਾਨ ਹੋ ਜਾਂਦੇ। ਬੱਚਿਆ ਨਾਲ ਖੇਡਦੇ ਹੋਏ ਘਰ ਵਿੱਚ ਇਕ ਮੌਕੇ ਬਾਲਕ ਨਾਨਕ ਅਧਿਆਪਕ ਦੀ ਐਕਟਿੰਗ ਕਰ ਰਿਹਾ ਸੀ। ਉਹਨਾਂ ਨੇ ਆਪਣੀ ਕਿਸੇ ਕਿਤਾਬ ਜਾਂ ਕਾਪੀ ਉਤੇ ਰੁਮਾਲੇ ਵਾਗੂ ਕੋਈ ਕਪੜਾ ਪਾ ਕੇ ਸਲੋਕ ਪੜ੍ਹਨੇ ਸ਼ੁਰੂ ਕਰ ਦਿੱਤੇ। ਮਾਂ ਤ੍ਰਿਪਤਾ ਨੇ ਜਦੋਂ ਇਹ ਘਟਨਾ ਦੇਖੀ ਤਾਂ ਵਿਸਮਾਦਿਤ ਹੋ ਉਠੀ ਤੇ ਚੁੱਪ ਚੁਪੀਤੇ ਪਤੀ ਕਾਲੂ ਨੂੰ ਕਿਹਾ ਕਿ ਵੇਖੋ ਨਾਨਕ ਕੀ ਕਰ ਰਿਹਾ ਹੈ। ਮਾਤਾ ਪਿਤਾ ਨੇ ਨਾਨਕ ਦਾ ਗੀਤਾ ਦੇ ਸਪਤ ਸਲੋਕੀ ਅਧਿਆਏ ਦਾ ਜਦੋਂ ਵਖਿਆਨ ਸੁਣਿਆ ਤਾਂ ਹੈਰਾਨ ਰਹਿ ਗਏ। ਉਨਾਂ ਨੂੰ ਭਰੋਸਾ ਨਹੀ ਸੀ ਆ ਰਿਹਾ ਕਿ ਨਾਨਕ ਜੋ ਅਰਥ ਕਰ ਰਿਹਾ ਹੈ ਉਹ ਠੀਕ ਹੋਣਗੇ। ਕਿਹਾ ਜਾਂਦਾ ਹੈ ਕਿ ਅਗਲੇ ਦਿਨ ਕਾਲੂ ਫਿਰ ਪੰਡਤ ਬ੍ਰਿਜ ਦਾਸ ਕੋਲ ਪਹੁੰਚੇ ਤੇ ਕਿਹਾ ਕਿ ਵੇਖੋ ਬਾਲਕ ਨਾਨਕ ਭਲਾ ਸੱਚੀ ਮੁੱਚੀ ਗੀਤਾ ਦੇ ਅਰਥ ਠੀਕ ਕਰ ਰਿਹਾ ਹੈ? ਪੰਡਤ ਬ੍ਰਿਜ ਦਾਸ ਨਾਨਕ ਨੂੰ ਬੁਲਾ ਕੇ ਓਹੀ ਸਲੋਕ ਤੇ ਅਰਥ ਸੁਣੇ ਤਾਂ ਉਨਾਂ ਫਖਰ ਮਹਿਸੂਸ ਕੀਤਾ ਕਿ ਉਸ ਦਾ ਵਿਦਿਆਰਥੀ ਉੱਚੀ ਅਧਿਆਤਮਕ ਗੱਲ ਸਹਿਜ ਹੀ ਦਸ ਰਿਹਾ ਹੈ।

ਮਹਿਤਾ ਕਾਲੂ ਨੂੰ ਥੋੜਾ ਅਹਿਸਾਸ ਤਾਂ ਹੋ ਚੁੱਕਾ ਸੀ ਉਸ ਦਾ ਪੁੱਤਰ ਕੋਈ ਸਧਾਰਨ ਪੁੱਤ੍ਰ ਨਹੀ ਹੈ। ਗੀਤਾ ਦੇ ਅਰਥ ਸੁਣ ਕੇ ਉਸ ਨੂੰ ਚੰਗਾ ਲਗਾ। ਪਰ ਪਿਤਾ ਦੀ ਇਹੋ ਸ਼ਕਾਇਤ ਸੀ ਕਿ ਨਾਨਕ ਵਿਹਾਰਿਕ (ਮਟੀਰੀਅਲਿਸਟ) ਨਹੀ ਹੈ। ਮਹਿਤਾ ਜੀ ਕਹਿੰਦੇ ਸੀ ਕਿ ਸ਼ਾਸਤਰਾਂ ਦਾ ਗਿਆਨ ਤਾਂ ਸਾਧੂ ਸੰਤਾਂ ਨੂੰ ਵੀ ਹੁੰਦਾ ਹੈ। ਸਭ ਮੰਗਦੇ ਫਿਰਦੇ ਆਂ। ਮਹਿਤਾ ਜੀ ਦਾ ਸੁਪਨਾ ਤਾਂ ਸੀ ਨਾਨਕ ਨੂੰ ਕਿਸੇ ਉੱਚ ਅਹੁਦੇ ਤੱਕ ਪਹੁੰਚਾਣ ਦਾ। ਕਿਸੇ ਰਾਜੇ ਦਾ ਵਜੀਰ, ਕੋਈ ਦੀਵਾਨ ਆਦਿ ਬਣੇ। ਘੱਟੋ ਘੱਟ ਕਿਸੇ ਰਿਆਸਤ ਦਾ ਕਾਰਦਾਰ ਤਾਂ ਬਣੇ।

ਪੰਡਤ ਹੁਰਾਂ ਦੀ ਵੀ ਮੁਸ਼ਕਲ ਇਹ ਸੀ ਕਿ ਨਾਨਕ ਹਰ ਗੱਲ ਦੀ ਜੜ੍ਹ ਤੇ ਜਾਂਦਾ ਹੈ। ਇਕ ਵੇਰਾਂ ਪੜ੍ਹਾਉਦਿਆਂ ਨਾਨਕ ਵਿਦਿਆਰਥੀ ਨੇ ਜਿੱਦ ਕੀਤੀ ਕਿ ਮਾਸਟਰ ਜੀ 'ਓਮ' ਲਫਜ ਦੇ ਅਰਥ ਦੱਸਣ। ਵਕਤ ਪਾ ਕੇ ਫਿਰ ਨਾਨਕ ਨੇ ਐਲਾਨ ਕਰ ਦਿੱਤਾ ਕਿ ਨਿਰਾ ਓਮ ਲਫਜ ਤੇ ਜੋਰ ਦੇਣਾ ਗਲਤ ਹੈ। ਓਮ ਹਿੰਦੂ ਧਰਮ ਦਾ ਧਾਰਮਿਕ ਚਿੰਨ ਹੈ ਜਿਸ ਦਾ ਮਤਲਬ ਕੋਈ ਸ਼ਕਤੀ ਤੇ ਕੋਈ ਕੁਝ ਦਸਦਾ ਹੈ। ਅਸਲ ਵਿੱਚ ਇਹ ਚਿੰਨ ਹੈ ਸਾਡੀ ਚੇਤੰਨਤਾ (Consciousness)। (ਜਿਵੇ ਜੀਂਦੇ ਜੀਵ ਬੇਸੁਧ ਚੀਜ਼ਾਂ ਤੋਂ ਵਖਰੇ ਹਨ। ਜਿਵੇ ਕੀੜੀ ਰੇਤ ਤੋਂ ਵਖਰੀ ਹੈ। ਕੀੜੀ ਸੁਚੇਤ ਹੈ ਜਦੋਂ ਕਿ ਮਿੱਟੀ ਜਾਂ ਪੱਥਰ ਬੇ-ਸੁਧ ਹਨ) ਗੁਰੂ ਸਾਹਿਬ ਨੇ ਕਿਹਾ ਕਿ ਧਾਰਮਿਕ ਚਿੰਨ ਤਾਂ ਓਹੀ ਬਣੇ ਜੋ ਪ੍ਰਮਾਤਮਾ ਦਾ ਸੱਚਾ ਪ੍ਰਤੀਕ ਹੋਵੇ। ਤਾਂ ਹੀ ਸਾਹਿਬ ਨੇ ਓਮ ਦੇ ਨਾਲ ਏਕਾ ਲਾ ਦਿੱਤਾ ਕਿ ਸਾਰੀ ਸ੍ਰਿਸਟੀ ਦੇ ਮੂਲ ਵਿੱਚ ਜੋ ਤਾਕਤ ਹੈ, ਜੋ ਸਾਡਾ ਜੀਆਂ ਦਾ ਬੀ ਹੈ ਜਿਸ ਤੋਂ ਸਭ ਪ੍ਰਗਟ ਹੋਏ ਹਨ ਤੇ ਤੀਸਰਾ ਗੁਰੂ ਸਾਹਿਬ ਨੇ ਲਕੀਰ ਜਾਂ 'ਕ੍ਰਾਰ' ਖਿੱਚ ਕੇ ਸਾਰੀ ਸ੍ਰਿਸਟੀ ਦਾ ਪ੍ਰਤੀਕ ਬਣਾ ਦਿੱਤਾ। ਕਿ ਇਕ ਓਹ ਤਾਕਤ ਜਾਂ ਸੁੱਧ ਜਾਂ ਚੇਤੰਨਤਾ ਜੋ ਸਾਰੀ ਸ੍ਰਿਸਟੀ, ਸਾਰੇ ਬਹ੍ਰਿਮੰਡ ਵਿੱਚ ਸਮਾਈ ਹੋਈ ਹੈ। ਤੇ ਓਮ ਦਾ ਬਣਾ ਦਿੱਤਾ ੧ਓ (ਇਕ ਓਂਕਾਰ)।

ਸਮਾਂ ਪਾ ਕੇ ਗੁਰੂ ਬਾਬਾ ਪੰਡਤ ਬ੍ਰਿਜ ਦਾਸ ਦੇ ਵਖਿਆਨਾਂ ਤੋਂ ਅੱਕਣ ਲੱਗ ਪਏ। ਬ੍ਰਿਜਦਾਸ ਨੇ ਵੀ ਉਹਨਾਂ ਨੂੰ ਅਗਲੀ ਪੌੜੀ ਤੇ ਪਹੁੰਚਣ ਲਈ ਪ੍ਰਵਾਨ ਕਰ ਦਿਤਾ (ਭਾਵ ਆਪਣੇ ਸਕੂਲ ਤੋਂ

ਗੁਰੂ ਨਾਨਕ ਦੀ ਗੁਰਮੁੱਖੀ ਲਿਪੀ ਦਾ ਮੌਜੂਦਾ ਹਾਲ ਵੇਖੋ ਸਫਾ 217 ਤੇ।

ਪਾਸ ਕਰ ਦਿਤਾ)।

ਜਨਮਸਾਖੀ ਵਿੱਚ ਆਉਦਾ ਹੈ ਕਿ 12 ਵਰਿਆਂ ਦੀ ਉਮਰ ਵਿੱਚ ਜਦੋਂ ਮਹਿਤਾ ਕਾਲੂ ਨੂੰ ਅਹਿਸਾਸ ਹੋ ਗਇਆ ਕਿ ਨਾਨਕ ਪੜ੍ਹਾਈ ਲਿਖਾਈ ਵਿੱਚ ਬਹੁਤ ਚੰਟ ਹੈ ਤਾਂ ਉਸ ਨੇ ਬਾਬੇ ਨੂੰ ਇਕ ਦਿਨ ਬੀ ਬੀਜਣ ਘੱਲ ਦਿੱਤਾ। ਬਾਬੇ ਨੇ ਬੀ ਦੇਣ ਮੌਕੇ ਲਾਪਰਵਾਈ ਵਿਖਾਈ ਤਾਂ ਉਸ ਵੇਲੇ ਪਿਤਾ ਨੇ ਫਿਰ ਆਪਣੇ ਜੱਦੀ ਪ੍ਰੋਹਤ ਹਰਦਿਆਲ ਨੂੰ ਉਲਾਂਮਾ ਦਿੱਤਾ ਕਿ ਇਹ ਬਾਲਕ ਕਾਹਦਾ ਹੁਸ਼ਿਆਰ ਹੈ? ਉਸ ਵੇਲੇ ਜੋ ਹਰਦਿਆਲ ਨੇ ਜਵਾਬ ਦਿੱਤਾ ਉਸ ਤੋਂ ਸਾਬਤ ਹੁੰਦਾ ਹੈ ਕਿ ਬਾਬਾ ਜੀ ਨੂੰ ਕਿੰਨੇ ਹੀ ਹਿੰਦੂ ਧਾਰਮਿਕ ਸ਼ਾਸਤਰ ਜਬਾਨੀ ਕੰਠ ਹੋ ਗਏ ਸਨ। ਜਿਸ ਵਿੱਚ ਚਾਰੇ ਵੇਦ, ਛੇ ਸ਼ਾਸਤਰ, 18 ਪੁਰਾਣ, ਗੀਤਾ ਤੇ ਹੋਰ ਕਈ ਸਿਮਰਿਤੀਆਂ।

----◆----

## ਅੱਗੇ ਮੌਲਵੀ ਕੁਤੱਬੁਦੀਨ ਦੇ ਮਦਰੱਸੇ ਵਿੱਚ ਬਾਬੇ ਨੇ ਲਿਆ ਦਾਖਲਾ

ਜਨਮ ਸਾਖੀਆਂ ਤੋਂ ਲਗਦਾ ਹੈ ਕਿ ਮੌਲਵੀ ਜੀ ਦਾ ਮਦਰੱਸਾ ਵੀ ਮਹਿਤਾ ਕਾਲੂ ਦੇ ਘਰ ਦੇ ਨੇੜੇ ਹੀ ਸੀ। ਗੁਰੂ ਸਾਹਿਬ ਦੀ ਤੇਜ ਬੁੱਧੀ ਦੀ ਮਸ਼ਹੂਰੀ ਸਾਰੇ ਇਲਾਕੇ ਵਿੱਚ ਹੋ ਚੁੱਕੀ ਸੀ ਕਿ ਇਹ ਬਾਲਕ ਇਕ ਵਾਰੀ ਜਦੋਂ ਕੋਈ ਗੱਲ ਸੁਣ ਲੈਂਦਾ ਹੈ ਉਨੂੰ ਯਾਦ ਹੋ ਜਾਂਦੀ ਹੈ। ਮੌਲਵੀ ਜੀ ਵੀ ਇਕ ਤਰਾਂ ਨਾਲ ਉਡੀਕ ਹੀ ਰਹੇ ਸਨ ਕਿ ਬਾਲਕ ਨਾਨਕ ਉਹਦੇ ਮਦਰੱਸੇ ਵਿੱਚ ਵੀ ਆਵੇ। ਓਧਰ ਰਾਇ ਬੁਲਾਰ ਨੇ ਵੀ ਇਹੋ ਚਾਹਿਆ ਸੀ ਕਿ ਜੇ ਨਾਨਕ ਫਾਰਸੀ ਸਿੱਖ ਲਵੇ ਤਾਂ ਉਹਦੀ ਜਗੀਰ ਦਾ ਅਗਲਾ ਕਾਰਦਾਰ ਨਾਨਕ ਹੀ ਹੋਵੇਗਾ।

ਪਿਤਾ ਕਾਲੂ ਨੇ ਕੁਝ ਨਕਦ ਰੁਪੱਈਆਂ ਦੀ ਭੇਟ ਦੇਣ ਨਾਲ ਬਾਲਕ ਨੂੰ ਫਾਰਸੀ ਪੜ੍ਹਨ ਲਈ ਦਾਖਲ ਕਰਵਾਇਆ। ਓਦੋਂ ਅਜੇ ਉੜਦੂ ਭਾਸ਼ਾ ਦਾ ਜਨਮ ਨਹੀ ਸੀ ਹੋਇਆ। ਇਲਾਕੇ ਦੀ ਦਫਤਰੀ ਭਾਸ਼ਾ ਫਾਰਸੀ ਹੀ ਸੀ। ਸੋਢੀ ਮਿਹਰਵਾਨ ਨੇ ਲਿਖਿਆ ਹੈ ਕਿ ਬਾਬੇ ਨੇ ਪੰਜਾਬੀ (ਹਿੰਦਵੀ) ਸਿੱਖਣ ਉਪਰੰਤ ਮੁਸਲਮਾਨ ਭਾਸ਼ਾਵਾਂ ਅਰਬੀ ਫਾਰਸੀ ਤੇ ਤੁਰਕੀ ਸਿੱਖਣੀਆਂ ਸ਼ੁਰੂ ਕੀਤੀਆਂ।

ਮੌਲਵੀ ਜੀ ਨੇ ਬਾਲਕ ਨੂੰ ਬਸ ਇਕ ਵਾਰ ਫਾਰਸੀ ਦੀ ਮੁਹਾਰਨੀ ਫੱਟੀ ਤੇ ਲਿਖ ਦਿੱਤੀ ਭਾਵ ਪੂਰਨੇ ਪਾ ਦਿੱਤੇ:-

ਅਲਿਫ, ਬੇ, ਪੇ, ਤੇ, ਟੇ, ਸੇ, ਜੀਮ, ਚੇ, ਹੇ, ਖੇ। ਦਾਲ, ਡਾਲ, ਜਾਲ, ਰੇ, ਅੜੇ, ਜ਼ੇ, ਜ਼ਏ। ਸੀਨ, ਸ਼ੀਨ, ਸੁਆਦ, ਜੁਆਦ, ਤੋਇ, ਜੋਂਇ। ਐਨ, ਗੈਨ, ਫੇ, ਕਾਫ, ਕਾਫ, ਗਾਫ ਲਾਮ, ਮੀਮ, ਨੂਨ, ਵਾਓ, ਵੱਡੀ ਯੇ, ਛੋਟੀ ਯੇ। ਹੇ, ਹੈ

ਅਗਲੇ ਦਿਨ ਜਦੋਂ ਦੁਬਾਰਾ ਪੈਂਤੀ ਲਿਖਣ ਯਾਦ ਕਰਨ ਦਾ ਅਭਿਆਸ ਮੌਲਵੀ ਜੀ ਨੇ ਅਰੰਭਿਆ ਤਾਂ ਗੁਰੂ ਸਾਹਿਬ ਨੇ ਉਨਾਂ ਨੂੰ ਯਾਦ ਦਿਵਾ ਦਿੱਤਾ ਕਿ ਇਹ ਤਾਂ ਮੌਲਵੀ ਜੀ ਪਹਿਲਾਂ ਹੀ ਪੜ੍ਹਾ ਚੁੱਕੇ ਨੇ। ਮੌਲਵੀ ਜੀ ਨੇ ਫਿਰ ਨਾਨਕ ਕੋਲੋਂ ਪੁੱਛਿਆ ਕਿ ਕੀ ਤੈਨੂੰ ਯਾਦ ਹੋ ਗਇਆ ਹੈ। ਬਾਬੇ ਨੇ ਹਾਂ ਕੀਤੀ। ਮੌਲਵੀ ਜੀ ਨੇ ਸਬਕ ਸੁਣਿਆ। ਜਿਵੇ ਬਾਬੇ ਨੇ ਸਹੀ ਸਹੀ ਸਬਕ ਸੁਣਾ ਦਿੱਤਾ ਤਾਂ ਮੌਲਵੀ ਦੀ ਚੀਕ ਨਿਕਲ ਗਈ, "ਸੁਬਹਾਨ ਯਾ ਰੱਬਲਿ ਆਲਮੀਨ" (ਮਤਲਬ- ਵਾਹਿਗੁਰੂ, ਵਾਹਿਗੁਰੂ ਐ ਜਗਤ ਦੇ ਮਾਲਕ ਤੂੰ ਧੰਨ ਹੈਂ) "ਖੁਦਾਰਾ ਇਸ ਬਾਲਕ ਦੀ ਅੱਕਲ ਤੂੰ ਕਮਾਲ ਦੀ ਦਿੱਤੀ ਹੈ। ਆਹ ਏਥੇ ਜਿਹੜੇ ਚਿਮਨਿਆਂ ਦੀ ਭੀੜ ਬੈਠੀ ਹੋਈ ਹੈ ਇਨਾਂ ਨੂੰ ਕਈ ਕਈ ਮਹੀਨੇ ਲਗ ਜਾਂਦੇ ਨੇ ਇਨੀ ਕੁ ਪੈਂਤੀ ਯਾਦ ਕਰਨ ਵਿੱਚ।"

ਅੰਗਰੇਜ ਲਿਖਾਰੀ ਮੈਕਾਲਿਫ ਨੇ ਵੀ ਲਿਖਿਆਂ ਹੈ ਕਿ ਕਿਉਕਿ ਉਨਾਂ ਦੀ ਕੁਝ ਇਕ ਬਾਣੀ ਫਾਰਸੀ ਵਿੱਚ ਹੈ ਤੇ ਉਨਾਂ ਦੀ ਰਚਨਾ ਵਿੱਚ ਬਹੁਤ ਸਾਰੇ ਫਾਰਸੀ ਅਲਫਾਜ਼ ਹਨ ਇਸ ਤੋਂ ਸਾਬਤ ਹੋ ਜਾਂਦਾ ਹੈ ਕਿ ਗੁਰੂ ਨਾਨਕ ਨੇ ਫਾਰਸੀ ਦੀ ਪੜ੍ਹਾਈ ਤੇ ਵੀ ਚੋਖਾ ਸਮਾਂ ਲਾਇਆ ਸੀ।

ਜਗਤ ਪ੍ਰਸਿਧ ਅੰਗਰੇਜ ਇਤਹਾਸਕਾਰ ਅਲੈਗਜੈਂਡਰ ਕਨਿੰਘਮ ਨੇ ਕੁਝ ਮੁਸਲਮਾਨ ਲਿਖਾਰੀਆਂ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਗਵਾਂਢ ਵਿੱਚ ਹੀ ਇਕ ਮੁਸਲਮਾਨ ਸਯੱਦ ਮੀਰ ਹਸਨ ਨਾਂ ਦਾ ਔਲੀਆ ਰਹਿੰਦਾ ਸੀ। ਸਯੱਦ ਮੰਨਿਆਂ ਹੋਇਆ ਵਿਦਵਾਨ ਸੀ ਜੋ ਹੈ ਤਾਂ ਬੜਾ ਅਮੀਰ ਸੀ ਪਰ ਓਹਦੇ ਘਰ ਓਲਾਦ ਨਹੀ ਸੀ। ਕਿਹਾ ਜਾਂਦਾ ਹੈ ਕਿ ਉਸ ਦਾ ਵੀ ਬਾਲਕ ਨਾਨਕ ਨਾਲ ਵੱਡਾ ਸਨੇਹ ਸੀ। ਫਾਰਸੀ ਦਾ ਪਹਿਲਾ ਅੱਖਰ ਅਲਿਫ ਜਿਹੜਾ ਸਿਰਫ ਇਕ ਡੰਡੀ ਹੀ ਹੁੰਦਾ ਹੈ ਉਸ ਦਾ ਡੂੰਘਾ ਮਤਲਬ ਜਦੋਂ ਗੁਰੂ ਨਾਨਕ ਨੇ ਮੀਰ ਹਸਨ ਨੂੰ ਦੱਸਿਆ ਤਾਂ ਸਯੱਦ ਗੁਰੂ ਦਾ ਮੁਰੀਦ ਬਣ ਗਿਆ। ਅੰਗਰੇਜ ਇਤਹਾਸਕਾਰ ਨੇ ਲਿਖਿਆ ਹੈ ਕਿ ਸਾਡੇ ਜੱਸੂ ਮਸੀਹ ਨੇ ਵੀ ਆਪਣੇ ਅਧਿਆਪਕ ਨੂੰ 12 ਸਾਲ ਦੀ ਉਮਰ ਵਿੱਚ ਅਚੰਭੇ ਵਿੱਚ ਪਾ ਦਿੱਤਾ ਸੀ।

ਸੋਢੀ ਮਿਹਰਵਾਨ ਨੇ ਲਿਖਿਆ ਹੈ ਕਿ:

"ਤਬ ਹਿੰਦੂ ਮੁਸਲਮਾਨ ਕਾਜੀ ਮੁਲਾਂ ਜਿ ਕੋਈ ਗੁਰੂ ਬਾਬੇ ਨਾਨਕ ਜੀ ਪਾਸ ਆਵੈ ਤਿਸੁ ਦੈ ਤਾਂਈ ਗੁਰੂ ਬਾਬਾ ਨਾਨਕ ਨਸੀਹਤਿ ਦੇਵੈ, ਦੀਨ ਦੇ ਰਾਹਿ ਦੀ। ਜਹਾਨ ਸਭੁ ਸਿਫਤਿ ਲਗਾ ਕਰਨੇ ਜਿ ਬਡਾ ਖੁਦਾਇ ਦਾ ਪਿਆਰਾ ਹੈ ਨਾਨਕ ਬੇਦੀ ਕਾਲੂ ਬੇਦੀ ਦਾ ਪੁੱਤ੍ਰ। ਗੁਰੂ ਬਾਬਾ ਨਾਨਕੁ ਜੀ ਮੁਸਲਮਾਨੀ ਵਿੱਚ ਮੁਸਲਮਾਨਾਂ ਦੀ ਨਿਸ਼ਾ ਕਰੈ। ਹਿੰਦਵੀ ਵਿਚਿ ਹਿੰਦਵਾਂ ਦੀ ਨਿਸ਼ਾ ਕਰੈ। ਸਭ ਲੋਕ ਸੰਤੋਖਿਆ ਜਾਇ। ਸਭ ਕੋਈ ਆਖੇ ਜੇ ਨਾਨਕ ਜੰਮਦੇ ਹੀ ਨੋ ਮਿਹਰ ਖੁਦਾਇ ਦੀ ਹੋਈ ਹੈ। ਹਿੰਦਵੀ ਪਾਰਸੀ ਅਰਬੀ ਤੋਰਕੀ ਗੁਰੂ ਬਾਬੇ ਨਾਨਕ ਸਭ ਜਬਤਿ (ਜਬਾਨੀ ਯਾਦ ਕਰ ਲਏ) ਕੀਏ।"

ਅੱਗੇ ਲਿਖਿਆ ਹੈ ਕਿ ਮੌਲਵੀ ਕੋਲ ਪੜ੍ਹਨ ਦੇ ਸਾਲਾਂ ਦੇ ਅਖੀਰ ਵਿੱਚ ਕੁਝ ਦਿਨ ਬਾਬਾ ਮਦਰੱਸੇ ਨਾਂ ਗਿਆ। ਚੁੱਪ ਕਰਕੇ ਬੈਠਾ ਜਾਂ ਲੰਮਾ ਪਿਆ ਰਹੇ। ਪਿਤਾ ਕਾਲੂ ਨੇ ਮੌਲਵੀ ਨੂੰ ਘਰ ਸੱਦਿਆ ਕਿ ਨਾਨਕ ਚੁੱਪ ਚਾਪ ਪਿਆ ਰਹਿੰਦਾ ਹੈ, ਕਿਸੇ ਨਾਲ ਕੋਈ ਗੱਲ ਬਾਤ ਨਹੀ ਕਰਦਾ। ਮੁੱਲਾ ਨੇ ਆ ਕੇ ਕੁਝ ਟੂਣੇ ਟਪਾਣੇ ਕੀਤੇ। ਨਾਨਕ ਦੀ ਬਾਹ ਨੂੰ ਤਵੀਤ ਬੱਧਾ। ਲੋਕੀ ਵੀ ਇਕੱਠੇ ਹੋ ਗਏ ਜਦੋਂ ਮੌਲਵੀ ਦੇ ਬੁਲਾਉਣ ਤੇ ਵੀ ਨਾਨਕ ਨੇ ਜਵਾਬ ਨਾਂ ਦਿੱਤਾ। ਮੁਲਾਂ ਨੂੰ ਇਕ ਤਰਕੀਬ ਸੁਝੀ। ਤਾਂ ਉਸ ਨੇ ਨਾਨਕ ਨੂੰ ਸੰਬੋਧਨ ਕਰਕੇ ਕਿਹਾ "ਨਾਨਕ ਆ ਰਲ ਕੇ ਉਸ ਖੁਦਾ ਦੀ ਉਸਤਤ ਕਰੀਏ ਜਿਸ ਦਾ ਤੈਨੂੰ ਵੈਰਾਗ ਹੈ। ਬੋਲ ਉਸ ਜਗਤ ਦੇ ਪਿਤਾ ਦੀ ਸਿਫਤ ਸਲਾਹ ਵਿੱਚ ਦੋ ਲਫਜ਼।" ਗੁਰੂ ਸਾਹਿਬ ਨੇ ਫਿਰ

ਅੱਖਾਂ ਖੋਲੀਆਂ ਤੇ ਮੌਲਵੀ ਵਲ ਆਦਰ ਸਤਿਕਾਰ ਭਰੀ ਨਿਗਾਹ ਨਾਲ ਵੇਖਿਆ। ਮੌਲਵੀ ਨੇ ਅਸੀਸਾਂ ਦੀ ਝੜੀ ਲਾ ਦਿੱਤੀ।

"ਰਖ ਪੀਰਾਂ ਦੀ ਹੋਵੈ ਤਊ ਕੂ। ਕੁਵਤਿ ਮੁਰਤਜਾ ਅਲੀ ਦੀ ਹੋਵੈ ਤਊ ਕੂ। ਪਨਾਹ ਖੁਦਾਇ ਦੀ..। ਹੱਕ ਤਾਲਹ ਤੂੰ ਬਖਸਿਆ ਹੈ"

ਫਿਰ ਗੁਰੂ ਨਾਨਕ ਨੇ ਫਰਮਾਇਆ:

**" ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥ ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥** (ਅੰਗ 721 ਸਗਗਸ)

ਨਾਨਕ ਦੀ ਹਲੀਮੀ ਭਰੀ ਸ਼ਾਇਰੀ " ਤੇਰੇ ਚਾਕਰਾਂ ਪਾ ਖਾਕ " ਸੁਣ ਕੇ ਮੌਲਵੀ ਵਿਸਮਾਦਿਤ ਹੋ ਗਇਆ । ਸਭ ਕੁਝ ਭੁੱਲ ਭੁੱਲਾ ਕੇ ਹੱਥ ਫੈਲਾ ਕੇ ਮੰਗਿਆ ਕਿ ਨਾਨਕ ਤੂੰ ਤਾਂ ਪਹਿਲਾਂ ਹੀ ਖੁਦਾ ਦੇ ਨਾਲ ਇਕ ਮਿਕ ਹੈ ਕੁਝ ਸਾਡੇ ਤੇ ਵੀ ਮਿਹਰ ਕਰ ਦੇ। ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜੋ ਕੁਝ ਮੇਰੇ ਹੱਥ ਲਗੇਗਾ ਉਹ ਸਭਨਾਂ ਵਿੱਚ ਵੰਡਾਂਗਾ। ਫਿਰ ਹਰ ਇਕ ਦੇ ਮੂੰਹੋ ਇਹੋ ਨਿਕਲਿਆ "ਵਾਹ ਖੁਦਾ" "ਵਾਹ ਨਾਨਕ"।

ਉਸ ਤੋਂ ਬਾਦ ਫਿਰ ਨਾਨਕ ਮਦਰੱਸੇ ਨਹੀ ਗਿਆ।

----◆----

## ਸਿੱਖ ਕੌਮ ਨੇ ਗੁਰੂ ਨਾਨਕ ਦੇ ਅਧਿਆਪਕਾਂ ਨਾਲ ਇਨਸਾਫ ਨਹੀ ਕੀਤਾ

ਇਕ ਰੱਬ ਇਕ ਓਕਾਰ ਸਾਰੀ ਸ੍ਰਿਸਟੀ ਦਾ ਸਾਂਝਾ ਹੈ। ਉਹ ਇਸ ਧਰਤੀ ਦਾ ਹੈ ਤੇ ਉਹ ਹੋਰਨਾਂ ਧਰਤੀਆਂ, ਸੂਰਜ, ਚੰਦ ਤੇ ਹੋਰ ਗ੍ਰਿਹਿਆਂ ਤੇ ਮੌਜੂਦ ਜੀਵਨ ਦਾ ਵੀ ਰੱਬ ਹੈ। ਉਹ ਪੰਜਾਬੀਆਂ ਦਾ ਹੈ ਉਹ ਬੰਗਾਲੀਆਂ, ਜਪਾਨੀਆਂ, ਚੀਨੀਆਂ, ਰੂਸੀਆਂ, ਅਰਬਾਂ, ਪਾਕਿਸਤਾਨੀਆਂ, ਅੰਗਰੇਜਾਂ ਸਭ ਦਾ ਪ੍ਰਿਤਪਾਲਕ ਹੈ। ਉਹ ਹਾਥੀ, ਸ਼ੇਰ, ਕੀੜੀ ਤੇ ਇਥੋਂ ਤੱਕ ਸਾਡੇ ਸਰੀਰ ਅੰਦਰ ਜੋ ਬੈਕਟੇਰੀਆ ਪਲ ਰਿਹਾ ਹੈ ਉਸ ਦਾ ਵੀ ਓਨਾਂ ਹੀ ਹੈ। ਉਹ ਵੇਲ ਮੱਛੀ ਤੇ ਇਕ ਛੋਟੀ ਮੱਛੀ ਦਾ ਵੀ ਓਨਾਂ ਹੀ ਹੈ। ਉਹ ਸੱਪ ਦਾ ਵੀ ਤੇ ਨੂਹੇ ਦਾ ਵੀ ਓਨਾਂ ਹੀ ਹੈ। ਉਹਦੇ ਵਾਸਤੇ ਪੰਜਾਬ ਵਿੱਚ ਵਸਣ ਵਾਲੇ ਵੀ ਓਨੇ ਹੀ ਪਿਆਰੇ ਹਨ ਜਿੰਨੇ ਅਫਰੀਕਾ ਵਿੱਚ ਵੱਸਣ ਵਾਲੇ। ਕਿਉਕਿ ਉਹ ਸਰਬ ਵਿਆਪਕ ਹੈ ਉਹ ੧ਓ ਹੈ।

ਇਹ ਗੱਲ ਸਮਝਣ ਵਾਲੀ ਹੈ ਕਿ ਜਦੋਂ ਵੀ ਕੋਈ ਪੀਰ ਪੈਗੰਬਰ ਅਵਤਾਰ ਇਸ ਧਰਤੀ ਤੇ ਜਨਮ ਲੈਂਦਾ ਹੈ ਉਹ ਸਰਬ ਵਿਆਪਕ ਰੱਬ ਨਾਲ ਇਕ ਮਿਕ ਹੁੰਦਾ ਹੈ।ਉਹਦੇ ਵਾਸਤੇ ਸਾਰੀ ਸ੍ਰਿਸਟੀ ਇਕ ਸਮਾਨ ਹੁੰਦੀ ਹੈ।

ਫਿਰ ਪੈਗੰਬਰ ਜਦੋ ਹੌਲੀ ਹੌਲੀ ਵੱਡਾ ਹੁੰਦਾ ਹੈ ਤਾਂ ਉਸ ਦੀ ਨਿਗਾਹ ਆਲੇ ਦੁਆਲੇ ਜਾਂਦੀ ਹੈ ਉਸਦਾ ਧਿਆਨ (ਫੋਕਸ) ਉਸ ਇਲਾਕੇ ਉਨਾਂ ਲੋਕਾਂ ਵਲ ਹੁੰਦਾ ਹੈ ਜਿੰਨਾਂ ਨਾਲ ਉਹ ਘਿਰਿਆ ਹੁੰਦਾ ਹੈ।

ਇਹੋ ਕਾਰਨ ਹੈ ਜੱਸੂ ਮਸੀਹ ਦੇ ਜੀਵਨ ਨੂੰ ਜੇ ਸਮਝਣਾ ਹੈ ਤਾਂ ਫਲੱਸਤੀਨ ਦੇ ਖਿੱਤੇ ਨੂੰ ਸਮਝਣਾ ਪਏਗਾ। ਹਜਰਤ ਮੁਹੰਮਦ ਨੂੰ ਜੇ ਸਮਝਣਾ ਹੈ ਤਾਂ ਤੁਹਾਨੂੰ ਉਸ ਵੇਲੇ ਦਾ ਅਰਬ ਸਭਿਆਚਾਰ ਦੇ ਹਾਲਾਤ ਜਾਂ ਇਤਹਾਸ ਨੂੰ ਸਮਝਣਾ ਪਵੇਗਾ। ਫਿਰ ਵੇਖੋ ਗੀਤਾ ਵਿੱਚ ਭਗਵਾਨ ਕ੍ਰਿਸ਼ਨ ਸਿਰਫ ਭਾਰਤ ਦੇਸ ਦੇ ਉਧਾਰ ਦੀ ਹੀ ਗੱਲ ਕਰਦਾ ਹੈ।

ਸਾਡਾ ਕਹਿਣ ਤੋਂ ਮਤਲਬ ਹੈ ਕਿ ਪੈਗੰਬਰ ਜਿਸ ਇਲਾਕੇ ਵਿੱਚ ਜੰਮਦਾ ਹੈ ਲੋਕਾਈ ਦਾ ਦਬਾਅ ਉਸ ਦੀ ਸ਼ਬਦਾਵਲੀ ਨੂੰ ਉਸ ਇਲਾਕੇ ਤੱਕ ਸੀਮਤ ਕਰ ਦਿੰਦੀ ਹੈ। ਗੁਰੂ ਸਾਹਿਬ ਦੀ ਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਹ ਸਾਰੀ ਲੋਕਾਈ ਦੇ ਉਧਾਰ ਦੀ ਗੱਲ ਕਰਦਾ ਹੈ ਪਰ ਜਦੋਂ ਪੰਜਾਬੀ ਸਭਿਆਚਾਰ ਦੀ ਗੱਲ ਆਉਦੀ ਹੈ ਤਾਂ ਕਦੀ ਕਦੀ ਇਸ ਦੇ ਹੱਕ ਵਿੱਚ ਵੀ ਬੋਲ ਜਾਂਦਾ ਹੈ। ਉਸ ਵੇਲੇ ਦੇ ਫੁਕਰੇ ਲੋਕਾਂ ਦੇ ਸਬੰਧ ਵਿੱਚ ਜੋ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਸਤੇ ਫਾਰਸੀ ਬੋਲ ਬੋਲ ਦਸਦੇ ਸਨ ਜਿਵੇ ਅੱਜ ਕਲ੍ਹ ਕੁਝ ਲੋਕ ਅੰਗਰੇਜੀ ਬੋਲਦੇ ਨੇ, ਗੁਰੂ ਸਾਹਿਬ ਨੇ ਕਹਿ ਹੀ ਦਿੱਤਾ, " **ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥**"

ਸਿਰਫ ਏਨਾ ਹੀ ਨਹੀ ਗੁਰੂ ਸਾਹਿਬ ਨੇ ਮਰਦੀ ਜਾ ਰਹੀ ਪੰਜਾਬੀ ਦੀ ਲਿਪੀ ਨੂੰ 'ਗੁਰਮੁਖੀ' ਨਾਂ ਦੇ ਕੇ ਸੁਰਜੀਤ ਕੀਤਾ।

ਸਵਾਲ ਉਠਦਾ ਹੈ ਗੁਰੂ ਸਾਹਿਬ ਦੇ ਸਾਹਮਣੇ ਇਹ ਮਹੌਲ ਕਿਸ ਨੇ ਸਿਰਜਿਆ। ਇਹ ਗੁਰੂ ਸਾਹਿਬ ਦੇ ਅਧਿਆਪਕ ਸਨ ਜਿੰਨਾਂ ਗੁਰੂ ਸਾਹਿਬ ਦੇ ਸਾਹਮਣੇ ਸਾਰੇ ਹਾਲਾਤ ਖੋਲ ਕੇ ਰੱਖ ਦਿੱਤੇ। ਉਨਾਂ ਨੇ ਗੁਰੂ ਸਾਹਿਬ ਸਾਹਮਣੇ ਹਿੰਦੂ ਮਤ ਧਾਰਮਿਕ ਸ਼ਾਸਤਰਾਂ ਰਾਂਹੀ ਖੋਲ ਕੇ ਰੱਖ ਦਿੱਤਾ। ਮੁਸਲਮਾਨ ਅਧਿਆਪਕਾਂ ਨੇ ਇਸਲਾਮ ਦੀ ਸਾਰੀ ਵਾਕਫੀਅਤ ਗੁਰੂ ਸਾਹਿਬ ਅੱਗੇ ਰੱਖ ਦਿੱਤੀ। ਇਨਾਂ ਹਾਲਾਤਾਂ ਦੇ ਮੱਦੇ ਨਜਰ ਸਾਰਾ ਕੁਝ ਵੇਖ ਚੱਖ ਕੇ ਫਿਰ ਗੁਰੂ ਸਾਹਿਬ ਨੇ ਆਪਣਾ ਵੱਖਰਾ ਰਸਤਾ ਅਖਤਿਆਰ ਕੀਤਾ। ਦੁਨੀਆ ਨੂੰ ਉਸ ਭਗਵਾਨ ਨਾਲ ਜੋੜਿਆ ਜਿਹੜਾ ਸਾਰੀ ਲੋਕਾਈ ਦਾ ਹੈ। ਜਿਹੜਾ ਸ਼ੂਦਰ ਦਾ ਵੀ ਓਨਾ ਹੈ ਜਿੰਨਾ ਪੰਡਤ ਦਾ, ਜਾਂ ਮੋਮਨ ਦਾ ਵੀ ਓਨਾਂ ਹੀ ਜਿੰਨਾ ਕਾਫਰ ਦਾ। ਗੁਰੂ ਨੇ ਪਹਿਲੀ ਵਾਰ ਲੋਕਾਈ ਨੂੰ ਉਸ ਰੱਬ ਨਾਲ ਜੋੜਿਆ ਜੋ ਅਨੰਤ ਹੈ।

ਸੋ ਗੁਰੂ ਸਾਹਿਬ ਅੱਗੇ ਮਹੌਲ ਕਿਸ ਨੇ ਸਿਰਜਿਆ ਸੀ?

ਗੁਰੂ ਸਾਹਿਬ ਨੇ ਅੰਦਾਜਨ 10 ਸਾਲ ਸਕੂਲਾਂ 'ਚ ਲਾਏ। ਕੀ ਕਦੀ ਕਿਸੇ ਸਿੱਖ ਜਥੇਬੰਦੀ ਨੇ ਪੰਡਤ ਗੋਪਾਲ ਦਾਸ ਦਾ ਸਤਿਕਾਰ ਕੀਤਾ ਹੈ? ਕੀ ਕੋਈ ਅਜਿਹੀ ਜਥੇਬੰਦੀ, ਕੋਈ ਸਕੂਲ, ਕੋਈ ਕਾਲਜ ਹੈ ਪੰਡਤ ਬ੍ਰਿਜ ਦਾਸ ਦੇ ਨਾਂ ਤੇ? ਕੀ ਅਸੀ ਸਤਿਕਾਰ ਦਿੱਤਾ ਹੈ ਮੌਲਵੀ ਕੁਤਬ ਦੀਨ ਨੂੰ?

### ਕੀ ਇਹ ਸਾਡਾ ਕੱਟੜਵਾਦ ਨਹੀ ਹੈ?

ਅਸੀ ਤਾਂ ਮਹਿਤਾ ਕਾਲੂ ਨੂੰ ਵੀ ਨਹੀ ਬਖਸ਼ਦੇ ਜਿਸ ਨੇ ਗੁਰੂ ਸਾਹਿਬ ਦੀ 30 ਸਾਲ ਤੱਕ ਪਾਲਣਾ ਪੋਸਣਾ ਕੀਤੀ ਪੜ੍ਹਾਇਆ

ਲਿਖਾਇਆ। ਮਾਤਾ ਤ੍ਰਿਪਤਾ ਵੀ ਸਾਨੂੰ ਯਾਦ ਨਹੀ। ਹਾਂ ਕਦੀ ਕਦੀ ਬੇਬੇ ਨਾਨਕੀ ਨੂੰ ਯਾਦ ਕਰ ਲੈਂਦੇ ਆ। ਅਸੀ ਰਾਇ ਬੁਲਾਰ ਦੇ ਨਾਂ ਤੇ ਕੋਈ ਸੰਸਥਾ ਪੰਜਾਬ ਵਿੱਚ ਚਲਦੀ ਨਹੀ ਦੇਖੀ।



ਗੁਰਦੁਆਰਾ ਡੇਰਾ ਚਾਹਲ (ਲਹੌਰ) ਬੇਬੇ ਨਾਨਕੀ ਦਾ ਜਨਮ ਅਸਥਾਨ। ਗੁਰੂ ਸਾਹਿਬ ਦੇ ਨਾਨਕੇ

----◆----

## ਬੇਬੇ ਨਾਨਕੀ ਦਾ ਵਿਆਹ

ਜਿਵੇਂ ਕਿ ਪਹਿਲਾਂ ਜਿਕਰ ਆ ਚੁੱਕਾ ਹੈ ਕਿ ਬੇਬੇ ਨਾਨਕੀ (1464-1518 ਈ) ਜੋ ਗੁਰੂ ਸਾਹਿਬ ਤੋਂ 5 ਸਾਲ ਵੱਡੇ ਸਨ ਗੁਰੂ ਸਾਹਿਬ ਦੀ ਰੂਹਾਨੀ ਅਵਸਥਾ ਨੂੰ ਪਛਾਨਣ ਵਾਲੇ ਪਹਿਲੇ ਸਖਸ਼ ਹੋਏ ਹਨ ਕਿ ਇਹ ਤਾਂ ਕੋਈ ਰੱਬ ਦਾ ਭੇਜਿਆ ਜੀ ਹੈ ਕੋਈ ਪੈਗੰਬਰ ਹੈ, ਅਵਤਾਰ ਹੈ। ਇਤਹਾਸ ਤੋਂ ਇਹ ਸਾਫ ਹੈ ਕਿ ਦੋਵਾਂ ਵਿੱਚ ਅਤਿਅੰਤ ਸਨੇਹ ਤੇ ਆਪਸੀ ਸੂਝ ਬੂਝ ਸੀ। ਕਿਉਕਿ ਮਾਪੇ ਖਾਸ ਕਰਕੇ ਪਿਤਾ ਜੀ ਬਾਲਕ ਨਾਨਕ ਨੂੰ ਦੁਨਿਆਵੀ ਪਾਸੇ ਲਿਆਉਣਾ ਚਾਹੁੰਦੇ ਸਨ ਜਦੋਂ ਕਿ ਗੁਰੂ ਸਾਹਿਬ ਦਾ ਸੁਭਾਅ ਸਾਧੂ ਪੱਖ ਵਲ ਸੀ, ਇਸ ਕਰਕੇ ਕਦੀ ਕਦੀ ਘਰ ਵਿੱਚ ਤਲਖੀ ਭਰਿਆ ਮਹੌਲ ਵੀ ਬਣ ਜਾਂਦਾ। ਜਦੋਂ ਵੀ ਬਾਲਕ ਨਾਨਕ ਨੂੰ ਡਾਟ ਪੈਣ ਲਗਦੀ ਭੈਣ ਮੂਹਰੇ ਹੋ ਜਾਂਦੀ।

ਕਿਉਕਿ ਪੁਰਾਣੇ ਸਮਿਆਂ ਵਿੱਚ ਧੀਆਂ ਨੂੰ ਛੋਟੀ ਉਮਰੇ ਹੀ ਵਿਆਹ ਦਿੱਤਾ ਜਾਂਦਾ ਸੀ। ਬੇਬੇ ਜੀ ਦਾ ਵਿਆਹ ਵੀ 11 ਸਾਲ ਦੀ ਉਮਰੇ ਭਾਵ ਸੰਨ 1475 ਵਿੱਚ ਹੀ ਹੋ ਗਇਆ ਸੀ। ਧਿਆਨ ਰਹੇ ਮੁਕਲਾਵਾ ਵਿਆਹ ਤੋਂ ਸਾਲਾਂ ਬਾਦ ਹੁੰਦਾ ਸੀ।

ਇਸ ਵਿਆਹ ਦਾ ਵੀ ਗੁਰੂ ਸਾਹਿਬ ਦੇ ਪਵਿਤ੍ਰ ਜੀਵਨ ਨਾਲ ਗੂੜਾ ਸਬੰਧ ਬਣਦਾ ਹੈ। ਇਕ ਤਾਂ ਦੋਵਾਂ ਭੈਣ ਭਰਾ ਦਾ ਬਹੁਤ ਪਿਆਰ ਸੀ। ਹੋਇਆ ਕੁਝ ਇਸ ਤਰਾਂ ਕਿ ਜਦੋਂ ਗੁਰੂ ਸਾਹਿਬ ਦਾ ਜਨਮ ਹੋਇਆ ਓਦੋਂ ਪੰਜਾਬ ਦੀ ਰਾਜਧਾਨੀ ਸੁਲਤਾਨਪੁਰ ਲੋਧੀ ਸੀ। ਇਸ ਸ਼ਹਿਰ ਦਾ ਪੁਰਾਣਾ ਨਾਂ ਕਿਸੇ ਨੇ ਸਰਬਮਾਨ ਪੁਰ ਤੇ ਕਿਸੇ ਨੇ ਕੁਝ ਹੋਰ ਲਿਖਿਆ ਹੈ। ਕਿਉਕਿ ਦੌਲਤ ਖਾਂ ਲੋਧੀ ਨੇ ਇਹ ਸ਼ਹਿਰ ਦੁਬਾਰਾ ਵਸਾਇਆ ਸੀ ਇਸ ਕਰਕੇ ਉਹ ਲਹੌਰ ਘੱਟ ਰਹਿੰਦਾ ਤੇ ਜਿਆਦਾ ਸੁਲਤਾਨਪੁਰ ਹੀ ਰਿਹਾ ਕਰਦਾ ਸੀ। ਓਦੋਂ ਹਿੰਦੋਸਤਾਨ ਦਾ ਬਾਦਸ਼ਾਹ ਸਿਕੰਦਰ ਲੋਧੀ ਸੀ। ਉਸ ਦੀ ਹਕੂਮਤ ਤਹਿਤ ਪੰਜਾਬ ਦਾ ਰਾਜਾ ਦੌਲਤ ਖਾਂ ਲੋਧੀ ਸੀ। ਓਨੀ ਦਿਨੀ ਟੈਕਸ (ਕਰ) ਤੇ ਮਾਮਲਾ (ਮਾਮਲੇ ਨੂੰ ਓਦੋਂ ਹਾਲਾ ਕਿਹਾ ਜਾਂਦਾ ਸੀ। ਭਾਵ ਪ੍ਰਤੀ ਹਲ) ਨਕਦ ਨਹੀ ਸੀ ਹੁੰਦਾ ਤੇ ਸਬੰਧਤ ਚੀਜ ਵਸਤੂ ਹੀ ਉਗਰਾਉਣ ਵਾਲੇ ਲੈ ਜਾਂਦੇ ਸਨ। ਮਾਮਲਾ ਨਕਦੀ ਵਿੱਚ ਅੰਗਰੇਜਾਂ ਨੇ ਆ ਕੇ ਸ਼ੁਰੂ ਕੀਤਾ ਸੀ। ਸੋ ਹਾਲਾ ਉਗਰਾਹੁਣ ਦਾ ਹਿਸਾਬ ਕੁਝ ਇਸ ਤਰਾਂ ਸੀ ਕਿ ਪਹਿਲਾਂ ਪਿੰਡ ਪੱਧਰ ਤੇ ਮਾਮਲਾ ਲੰਬਰਦਾਰ ਉਗਰਾਹੁਦਾ ਸੀ ਜੋ ਸਬੰਧਤ ਜਗੀਰਦਾਰ ਜਾਂ ਛੋਟੇ ਰਾਜੇ ਤੱਕ ਪਹੁੰਚਦਾ ਸੀ। ਛੋਟਾ ਰਾਜਾ ਫਿਰ ਮਾਮਲੇ ਦੇ ਮੁੱਖ ਹਿੱਸਾ ਬਾਦਸ਼ਾਹ ਤੱਕ ਪਹੁੰਚਾਉਦਾ ਸੀ। ਹਕੂਮਤ ਨੇ ਆਮਿਲ (ਸਰਵੇਅਰ ਜੋ ਗਰਦਾਉਰੀ ਕਰਕੇ ਮਾਮਲੇ ਦਾ ਹਿਸਾਬ ਕਰਦੇ ਸਨ) ਰੱਖੇ ਹੁੰਦੇ ਸਨ।

ਜਨਮ ਸਾਖੀ ਵਿੱਚ ਆਇਆ ਹੈ ਕਿ ਦੌਲਤ ਖਾਂ ਲੋਧੀ ਦਾ ਹੀ ਇਕ ਆਮਿਲ ਸੀ ਜੈ ਰਾਮ ਪਲਤਾ ਮੂਲ ਵਸਨੀਕ ਖਾਨਪੁਰ, ਜਿਸ ਦੀ ਡਿਊਟੀ ਲਗੀ ਕਿ ਉਹ ਤਲਵੰਡੀ ਰਾਇ ਭੋਇ ਦੀ ਜਮੀਨ ਕੱਛੇ ਭਾਵ ਗਰਦਾਵਰੀ ਕਰੇ ਕਿ ਰਾਇ ਬੁਲਾਰ ਠੀਕ ਠੀਕ ਹਾਲਾ ਦੇ ਰਿਹਾ ਹੈ ਕਿ ਨਹੀ।(ਕਈ ਜਨਮ ਸਾਖੀਆਂ ਵਿੱਚ ਜੈਰਾਮ ਦੀ ਗੋਤ ਉਪੱਲ ਦੱਸੀ ਹੈ ਜੋ ਗਲਤ ਹੈ। ਉਹ ਪਲਤਾ ਗੋਤ ਦੇ ਖੱਤਰੀ ਸਨ।) ਇਹ ਆਮਿਲ ਲੋਕ ਜਿੱਥੇ ਜਾਂਦੇ ਸਨ, ਕੁਦਰਤੀ ਹੈ ਕਿ ਉਨਾਂ ਨੂੰ ਰਾਤ ਵੀ ਓਥੇ ਹੀ ਗੁਜਾਰਨੀ ਹੁੰਦੀ ਸੀ।

ਰਾਇ ਬੁਲਾਰ ਨੇ ਜੈ ਰਾਮ ਕੋਲੋ ਪੁੱਛਿਆ ਕਿ ਕੀ ਉਹ ਵਿਆਹਿਆ ਹੋਇਆ ਹੈ ਕਿ ਕੁਵਾਰਾ ਹੈ। ਜੈ ਰਾਮ ਨੇ ਸਾਰੀ ਗੱਲ ਦੱਸੀ ਕਿ ਉਹ ਕਵਾਰਾ ਹੈ ਤੇ ਜਾਤ ਦਾ ਖੱਤਰੀ ਹੈ। ਰਾਇ ਬੁਲਾਰ ਨੇ ਹੀ ਫਿਰ ਮਹਿਤਾ ਕਾਲੂ ਨੂੰ ਆਪਣੇ ਕੋਲ ਸੱਦ ਕੇ ਵਿਆਹ ਦੀ ਗੱਲ ਅੱਗੇ ਤੋਰੀ। ਜਨਮ ਸਾਖੀ ਵਿੱਚ ਬੜਾ ਵਿਸਥਾਰ ਨਾਲ ਦਿੱਤਾ ਹੈ ਕਿਵੇਂ ਮਹਿਤਾ ਕਾਲੂ ਬੇਦੀ (ਗੋਤ ਸਹਿਗਲ) ਨੇ ਸ਼ੁਰੂ 'ਚ ਇਸ ਰਿਸ਼ਤੇ ਦੀ ਮੁਖਾਲਫਤ ਕੀਤੀ ਅਖੇ "ਇਹ ਗੱਲ ਮੁੰਡੇ ਵਾਲਿਆਂ ਵਲੋਂ ਚਲਣੀ ਚਾਹੀਦੀ ਹੈ। " ਜਨਮ ਸਾਖੀ 'ਚ ਆਇਆ ਹੈ ਕਿ ਜੈ



ਬੇਬੇ ਨਾਨਕੀ ਅਤੇ ਬਾਬਾ। ਅੱਜ ਕਲ ਬਣੀ ਤਸਵੀਰ। ਕਲਾਕਾਰ ਦਾ ਨਾਂ ਪਤਾ ਨਹੀ। ਇੰਟਰਨੈਟ ਤੋਂ ਡਾਊਨਲੋਡ

ਰਾਮ ਹੁਰੀ ਆਪਣਾ ਰਸੋਈਆਂ ਜੋ ਕਿ ਜਾਤ ਦਾ ਬ੍ਰਾਹਮਣ ਸੀ ਉਨੂੰ ਨਾਲ ਲੈ ਕੇ ਆਏ ਹੋਏ ਸਨ ਜਿਸ ਕਰਕੇ ਓਸੇ ਰਸੋਈਏ ਤੇ ਮਹਿਤਾ ਕਾਲੂ ਜੀ ਦੇ ਪੰਡਤ ਦੇ ਰਾਂਹੀ ਫਿਰ ਰਿਸਤੇ ਦੀ ਗੱਲ ਅੱਗੇ ਤੁਰੀ। ਇਹ ਵੀ ਜਿਕਰ ਆਉਦਾ ਹੈ ਕਿ 'ਭਾਈਏ ਜੈ ਰਾਮ ਨੇ ਬੇਬੇ ਜੀ ਨੂੰ ਖੂਹ ਤੇ ਪਾਣੀ ਭਰਦੀ ਨੂੰ ਵੇਖ ਵੀ ਲਿਆ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਬੇਬੇ ਜੀ ਬਹੁਤ ਖੂਬਸੂਰਤ ਹੋਣਗੇ ਤਾਂ ਹੀ ਤਾਂ ਉਹ ਵੱਡਾ ਸਰਕਾਰੀ ਅਫਸਰ ਵਿਆਹ ਕਰਨ ਤੇ ਰਾਜੀ ਹੋਇਆ। ਅੱਗੇ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਵੀ ਸਰੀਰਕ ਤੌਰ ਤੇ ਵੀ ਸੋਹਣੀ ਸ਼ਖਸੀਅਤ ਦੇ ਮਾਲਕ ਸਨ। ਉਂਜ ਵੀ ਮੰਨਿਆ ਜਾਂਦਾ ਹੈ ਕਿ ਖੱਤਰੀ ਲੋਕ ਭਾਰਤੀ ਉਪ ਮਹਾਂਦੀਪ ਦੀ ਸਭ ਤੋਂ ਸੋਹਣੀ ਕੌਮ ਹੈ। ਸੋ ਭੈਣ ਨਾਨਕੀ ਜੀ ਸੁਲਤਾਨਪੁਰ ਲੋਧੀ ਵਿਆਹੇ ਗਏ।

## ਬਾਬੇ ਨੇ ਜਨੇਊ ਤੇ ਸਵਾਲ ਖੜਾ ਕਰ ਦਿੱਤਾ

ਹਿੰਦੂ ਸਮਾਜ ਦੀਆਂ ਚਾਰ ਸ਼੍ਰੇਣੀਆਂ ਹਨ:- ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ। ਸ਼ੂਦਰ ਤੋ ਇਲਾਵਾ ਬਾਕੀ ਦੀਆਂ ਤਿੰਨ ਸ਼੍ਰੇਣੀਆਂ ਤੇ ਸੁੱਚ (ਪਵਿਤ੍ਰ) ਭਿੱਟ (ਭ੍ਰਿਸ਼ਟ) ਦੇ ਨਿਯਮ ਲਾਗੂ ਹੁੰਦੇ ਹਨ। ਕਈ ਅਜਿਹੀਆਂ ਚੀਜ਼ਾਂ ਹਨ ਜਿੰਨਾਂ ਨੂੰ ਛੂਹ ਜਾਣ ਤੇ ਹਿੰਦੂ ਭਿੱਟਿਆ ਜਾਂਦਾ ਹੈ। ਕਿਉਕਿ ਇਹ ਨਿਯਮ ਬੱਚਾ ਨਹੀ ਪਾਲ ਸਕਦਾ, ਇਸ ਕਰਕੇ ਬੱਚੇ ਤੇ ਸਖਤਾਈ ਨਾਲ ਨਿਯਮ ਲਾਗੂ ਨਹੀ ਹੁੰਦੇ। ਜਿਸ ਕਰਕੇ ਬੱਚਾ ਸ਼ੂਦਰ ਹੀ ਗਿਣਿਆ ਜਾਂਦਾ ਹੈ। ਸੋ ਅਨੈਤ ਜਾਂ ਉਪਨਯਨ ਰਸਮ ਅਪਵਿਤ੍ਰ ਤੋਂ ਪਵਿਤ੍ਰ ਬਣਨ ਦੀ ਰਸਮ ਹੁੰਦੀ ਹੈ ਤੇ ਮੁੰਡੇ ਨੂੰ ਜਨੇਊ (ਧਾਗਾ) ਪਾਇਆ ਜਾਂਦਾ ਹੈ ਜੋ ਮੋਢੇ ਤੋਂ ਕੱਛ ਤੱਕ ਜਾਂਦਾ ਹੈ। ਜਨੇਊ ਕੁੜੀ ਨੂੰ ਨਹੀ ਪਾਇਆ ਜਾਂਦਾ।

ਅਨੈਤ ਵੇਲੇ ਹਿੰਦੂ ਮੁੰਡੇ ਨੂੰ ਸੁੱਚ ਦੇ ਨੇਮ ਦੱਸੇ ਜਾਂਦੇ ਹਨ : ਬੋਦੀ ਰੱਖਣੀ, ਤਿੱਲਕ ਲਾਉਣਾ, ਧੋਤੀ ਪਾਉਣੀ, ਸੁੱਚੇ ਚੌਂਕੇ ਵਿੱਚ ਤਿਆਰ ਹੋਇਆ ਭੋਜਨ ਹੀ ਖਾਣਾ ਹੈ, ਅਛੂਤ ਜਾਤ ਦੇ ਬੰਦੇ ਤੋਂ ਦੂਰ ਰਹਿਣਾ ਹੈ, ਸਾਲਿਗਰਾਮ (ਪੱਥਰ ਦਾ ਲਿੰਗ) ਪੂਜਣਾ ਹੈ, ਸਵੇਰੇ ਪ੍ਰਾਤਾਕਾਲ ਤਰਪਣ ਕਰਨਾਂ ਭਾਵ ਸੂਰਜ ਨੂੰ ਪਾਣੀ ਦੇਣਾ, ਸ਼ਾਮੀ ਸੰਧਿਆ ਤਰਪਣ ਕਰਨਾਂ, ਮਹੂਰਤ ਕਢਾਉਣ ਤੋਂ ਬਿਨਾਂ ਕੋਈ ਕੰਮ ਨਹੀ ਸ਼ੁਰੂ ਕਰਨਾਂ, ਦਿਨ ਵੇਲੇ ਸੌਣਾ ਨਹੀ, ਖੱਟ ਕਰਮ ਕਰਨੇ (ਛੇ ਕੰਮ: ਪੜ੍ਹਨਾ- ਪੜ੍ਹਾਉਣਾ, ਯੱਗ ਕਰਨਾਂ- ਕਰਾਉਣਾ, ਦਾਨ ਦੇਣਾ- ਲੈਣਾ) ਬ੍ਰਾਹਮਣਾਂ ਦਾ ਮੰਨਣਾ ਹੈ ਕਿ ਅਨੈਤ ਤੋਂ ਹੀ ਹਿੰਦੂ ਦਾ ਆਤਮਕ ਜੀਵਨ ਅਰੰਭ ਹੁੰਦਾ ਹੈ ਪਹਿਲਾਂ ਤਾਂ ਉਹ ਪਸ਼ੂ ਜਾਂ ਸ਼ੂਦਰ ਦੀ ਨਿਆਈ ਹੁੰਦਾ ਹੈ।

11 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਦਾ ਅਨੈਤ ਹੋਣਾ ਸੀ। ਦਿਨ ਵਾਰ ਤਹਿ ਹੋ ਗਿਆ। ਰਿਸਤੇ ਨਾਤੇਦਾਰਾਂ ਬਰਾਦਰੀ ਨੂੰ ਸੁਨੇਹੇ ਪਹੁੰਚ ਗਏ। ਵਧੀਆ ਵਧੀਆ ਪਕਵਾਨ ਵੱਖਰੇ ਬਣ ਰਹੇ ਸਨ। ਬੱਕਰੇ ਦਾ ਮਾਸ ਵੱਖਰਾ ਤਿਆਰ ਕੀਤਾ ਜਾ ਰਿਹਾ ਸੀ।

ਪ੍ਰਵਾਰ ਦਾ ਪੰਡਤ ( ਹਰਦਿਆਲ) ਆ ਪਹੁੰਚਾ। ਗਾਂ ਦੇ ਗੋਹੇ ਦਾ ਪੋਚਾ ਘਰ ਵਿੱਚ ਪਹਿਲਾਂ ਹੀ ਲੱਗ ਚੁੱਕਾ ਸੀ। ਪੰਡਤ ਜੀ ਨੇ ਰਸਮ ਦੀ ਥਾਂ ਦੁਆਲੇ ਕਾਰ (ਲਕੀਰ) ਖਿੱਚ ਕੇ ਤਹਿ ਕਰ ਦਿੱਤੀ। ਵਿੱਚ ਚੌਂਕੀ ਲਾਈ ਗਈ। ਰਸਮ ਸ਼ੁਰੂ ਹੋਈ।

ਬਾਲਕ ਨੇ ਪੁੱਛ ਲਿਆ ਕੀ ਕਰਨ ਲਗੇ ਹੋ? ਪੰਡਤ ਨੇ ਕਿਹਾ ਤੁਹਾਨੂੰ ਜਨੇਊ ਪਹਿਨਾਇਆ ਜਾਵੇਗਾ। ਅੱਜ ਤੋਂ ਤੁਹਾਡਾ ਆਤਮਕ ਜੀਵਨ ਸ਼ੁਰੂ ਹੋਵੇਗਾ। ਤੁਹਾਡੇ ਤੇ ਹੁਣ ਹਿੰਦੂਮਤ ਨੇਮ ਲਾਗੂ ਹੋਣਗੇ।

ਬਾਬੇ ਨੇ ਸਵਾਲ ਕਰ ਦਿੱਤਾ ਕਿ ਇਹ ਸੂਤ ਦਾ ਧਾਗਾ ਮੇਰੀ ਆਤਮਾ ਨੂੰ ਕਿਵੇ ਪਵਿਤ੍ਰ ਰੱਖ ਸਕਦਾ ਹੈ? ਪੰਡਤ ਨੇ ਆਪਣੇ ਮੱਤ ਅਨੁਸਾਰ ਦੱਸਿਆ ਕਿ ਤੁਸਾਂ ਹੁਣ ਤੋਂ ਹਿੰਦੂ ਧਰਮ ਦੇ ਨੇਮਾਂ ਦੀ ਪਾਲਣਾ ਕਰਨੀ ਹੈ ਉਸ ਨਾਲ ਆਤਮਾ ਪਵਿਤ੍ਰ ਰਹਿੰਦੀ ਹੈ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਇਹ ਕਿਵੇ ਸੰਭਵ ਹੈ, ਤੁਸਾਂ ਤੇ ਕਿਤੇ ਨਹੀ ਕਿਹਾ ਕਿ ਬਾਕੀ ਲੋਕਾਂ ਨਾਲ ਪਿਆਰ ਮੁਹੱਬਤ ਨਾਲ ਰਹਿਣਾ ਹੈ, ਜੀਆਂ ਤੇ ਦਿਆ ਕਰਨੀ ਹੈ? ਪੰਡਤ ਲਾ -ਜਵਾਬ ਹੋਇਆ ਸੋਚ ਹੀ ਰਿਹਾ ਸੀ ਕਿ ਗੁਰੂ ਸਾਹਿਬ ਨੇ ਫਿਰ ਸਵਾਲ ਕਰ ਦਿੱਤਾ ਕਿ ਕਲ੍ਹ ਨੂੰ ਇਹ ਜਨੇਊ ਟੁੱਟ ਗਇਆ ਜਾਂ ਗੰਦਾ ਹੋ ਗਇਆ ਤਾਂ ਫਿਰ ਕੀ ਬਣੂ? ਪੰਡਤ ਨੇ ਕਿਹਾ ਕਿ ਨਵਾਂ ਪਾ ਲੈਣਾ? ਗੁਰੂ ਸਾਹਿਬ ਕਿਹਾ ਕਿ ਇਸ ਦਾ ਮਤਲਬ ਹਰ ਵਾਰੀ ਇਹ ਰਸਮਾਂ ਇਹ ਅਡੰਬਰ ਹੋਇਆ ਕਰਨਗੇ? ਪੰਡਤ ਕਹਿੰਦਾ "ਨਹੀ। " ਗੁਰੂ ਸਾਹਿਬ ਕਿਹਾ ਕਿ "ਤੇ ਹੁਣ ਇਹ ਕੁਝ ਕਿਓ ਕਰ ਰਹੇ ਹੋ?" ਪੰਡਤ ਕੋਲ ਜਵਾਬ ਨਹੀ ਸੀ। ਸਾਹਿਬ ਨੇ ਫਿਰ ਫਰਮਾਇਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**

ਗੁਰੂ ਸਾਹਿਬ ਨੇ ਫਿਰ ਸਲੋਕ ਕਿਹਾ ਕਿ ਪੰਡਤ ਜੀ ਇਸ ਆਤਮਾ ਨੂੰ ਜੇ ਪਾਕ ਪਵਿਤ੍ਰ ਰਖਣਾ ਹੈ ਤਾਂ ਲੋਕਾਂ ਨੂੰ ਦਿਆ ਸਿਖਾਓ, ਸਬਰ ਸੰਤੋਖ ਸਿਖਾਓ, ਸੱਚ ਦੇ ਰਾਹ ਤੇ ਚਲਣਾ ਸਿਖਾਓ। ਫਿਰ ਆਤਮਾ ਪਵਿਤ੍ਰ ਰਹੇਗੀ। ਇਹ ਅਜਿਹਾ ਜੰਞੂ ਹੈ ਜੋ ਕਦੀ ਗਲਦਾ ਨਹੀ ਨਾਂ ਟੁਟੇਗਾ ਨਾਂ ਮੈਲਾ ਹੋਵੇਗਾ।

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥ (ਪ੍ਰਮੇਸ਼ਰ ਦੇ ਨਾਮ ਦੇ ਜੱਪਣ, ਉਹਦੀ ਸਿਫਤ ਸਲਾਹ, ਉਸਤਤ ਕਰਨ, ਉਹਦੀ ਹੋਂਦ ਨੂੰ ਮੰਨਣ ਨਾਲ ਹੀ ਸਾਡੀ ਦਰਗਾਹੇ ਇੱਜਤ ਪੈਂਦੀ। ਇਹ ਅਜਿਹੀ ਤੜਾਗੀ ਹੈ ਜੋ ਕਦੀ ਟੁਟਦੀ ਨਹੀ ਭਾਵ ਜੀਵਨ ਭਰ ਸਾਥ ਨਿਭਾਉਦੀ ਹੈ)

ਪੰਡਤ ਹਰਦਿਆਲ ਤਾਂ ਪਹਿਲਾਂ ਹੀ ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਵਾਕਫ ਹੋ ਚੁੱਕਾ ਸੀ। ਪੂਰੇ ਇਲਾਕੇ ਵਿੱਚ ਗੁਰੂ ਸਾਹਿਬ ਦੀ ਰੂਹਾਨੀ ਸ਼ਖਸੀਅਤ ਹੋਣ ਦਾ ਲੋਕਾਂ ਨੂੰ ਪਤਾ ਲਗ ਚੁੱਕਾ ਸੀ। ਹੁਣ ਦੂਰੋ ਨੇੜਿਓ ਆਏ ਰਿਸਤੇਦਾਰਾਂ ਨੂੰ ਵੀ ਖਬਰ ਹੋ ਗਈ।

ਸੋ ਇਸ ਪ੍ਰਕਾਰ ਗੁਰੂ ਸਾਹਿਬ ਨੇ ਹਿੰਦੂ ਬਣਨ ਤੋਂ ਇਨਕਾਰ ਕਰਕੇ ਇਸ ਭੂਗੋਲਿਕ ਖਿੱਤੇ ਵਿੱਚ ਤੀਸਰੇ ਮਜ਼੍ਹਬ ਦੀ ਨੀਂਹ ਰੱਖ ਦਿੱਤੀ।